ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

ਸੋਮਵਾਰ, 13 ਸਿਤੰਬਰ 2021

Email : lokbani08@gmail.com

ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ


☛ ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ
ਸੰਪਰਕ ਕਰੋ 9915594111 0181-2211009

R.N.I. Punpun/29016/2008 ✫ ਸਾਲ : 14 ✫ ਅੰਕ : 224 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111

## ਸਕਾਟਲੈਂਡ 'ਚ ਲੱਖਾਂ ਪੌਂਡ ਦਾ 'ਸੋਨਾ' ਹੋਣ ਦੀਆਂ ਸੰਭਾਵਨਾਵਾਂ, ਖੋਦਾਈ ਮੁਹਿੰਮ ਜਾਰੀ

**ਗਲਾਸਗੋ/ਲੋਕ ਬਾਣੀ**

ਸਕਾਟਲੈਂਡ ਵਿੱਚ ਮਾਹਰਾਂ ਦੁਆਰਾ ਦੁਨੀਆ ਦੀਆਂ ਮਹਿੰਗੀਆਂ ਧਾਤਾਂ ਵਿੱਚੋਂ ਇੱਕ 'ਸੋਨੇ' ਦੇ ਭੰਡਾਰ ਹੋਣ ਦੀਆਂ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਇਸੇ ਆਸ ਵਿੱਚ ਸੋਨੇ ਦੀ ਖੋਜ ਲਈ ਖਦਾਨਾਂ ਵਿੱਚ ਖੋਦਾਈ ਅਭਿਆਨ ਸ਼ੁਰੂ ਕੀਤੇ ਜਾ ਰਹੇ ਹਨ। ਸਕਾਟਲੈਂਡ ਦੇ ਅਰਗਿਲ ਵਿੱਚ ਲੋਚ ਲੋਮੋਂਡ ਅਤੇ ਟ੍ਰੌਸਾਚਸ ਨੈਸਨਲ ਪਾਰਕ ਦੀਆਂ ਪਹਾੜੀਆਂ ਵਿੱਚ ਟਿੰਡਰਮ ਦੇ ਕੋਲ ਸਥਿਤ ਕੋਨੋਨਿਸ ਗੋਲਡ ਮਾਈਨ ਵਿੱਚ ਮਾਈਨਿੰਗ ਇੰਜੀਨੀਅਰਾਂ ਦੁਆਰਾ ਧਮਾਕੇ ਕੀਤੇ ਜਾ ਰਹੇ ਹਨ। ਇਸੇ ਸਬੰਧੀ ਲੋਚਗਿਲਪਹੇਡ ਦੇ ਇੱਕ 29 ਸਾਲਾ ਮਾਈਨਿੰਗ ਇੰਜੀਨੀਅਰ ਸਟੈਨਲੇ ਲਿਸਟਰ ਅਨੁਸਾਰ ਯੂਕੇ ਵਿੱਚ ਇਕਲੌਤੀ ਵਪਾਰਕ ਸੋਨੇ ਦੀ ਖਾਣ ਕੋਨੋਨਿਸ ਗੋਲਡ ਮਾਈਨ ਦੇ ਅੰਦਰ ਦਿਨ ਵਿੱਚ ਘੱਟੋ-ਘੱਟ ਦੋ ਵਾਰ ਦੋ ਵਾਰ ਧਮਾਕੇ ਕੀਤੇ ਜਾਂਦੇ ਹਨ।



ਇਸ ਖਾਣ ਦੇ ਆਸਟ੍ਰੇਲੀਆਈ ਆਧਾਰਿਤ ਮਾਲਕਾਂ 'ਸਕਾਟਗੋਲਡ ਰੀਸੋਰਸਜ਼' ਇੱਥੇ 200 ਮਿਲੀਅਨ ਪੌਂਡ ਮੁੱਲ ਤੱਕ ਦਾ ਸੋਨਾ ਹੋਣ ਦਾ ਦਾਅਵਾ ਕਰਦੇ ਹਨ ਅਤੇ ਹਰੇਕ ਵਿਸਫੋਟ ਦੇ ਨਾਲ ਇੰਜਨੀਅਰ ਸੋਨੇ ਦੀ ਖਾਣ 'ਚ ਤਿੰਨ ਮੀਟਰ ਹੇਠਾਂ ਅੱਗੇ ਵੱਧਦੇ ਹਨ। ਸਕਾਟਲੈਂਡ ਵਿਚਲੀ ਕੋਨੋਨਿਸ ਸੋਨੇ ਦੀ ਖਾਣ ਜੋ ਕਿ 1980 ਦੇ ਦਹਾਕੇ ਵਿੱਚ ਸਾਹਮਣੇ ਆਈ, ਭੂ-ਵਿਗਿਆਨੀਆਂ ਲਈ ਇੱਕ ਗਿਰਜਾਘਰ ਹੈ। ਇਸ ਨੂੰ ਜਿਆਦਾਤਰ ਵਿਗਿਆਨੀ ਅਤੇ ਮਾਹਰ ਇੱਕ ਕਿਸਮ ਦੇ ਖਜਾਨੇ ਦੀ ਭਾਲ ਵਜੋਂ ਵੇਖਦੇ ਹਨ। ਐਡਿਨਬਰਾ ਤੋਂ ਸੀਨੀਅਰ ਮਹਿਲਾ ਭੂ-ਵਿਗਿਆਨੀ ਰੈਚੇਲ ਪਾਲ ਮੁਤਾਬਕ, ਮਾਈਨ ਵਿੱਚ ਛੇਤੀ ਹੀ ਕਾਰਜਾਂ ਨੂੰ 24/7 ਦੀ ਸਮਰੱਥਾ 'ਤੇ ਲਿਜਾਇਆ ਜਾਵੇਗਾ। ਪਾਲ ਮੁਤਾਬਕ ਖਾਨ ਦੀਆਂ ਪਰਤਾਂ ਵਿੱਚ 9 ਸਾਲਾਂ ਦੇ ਉਤਪਾਦਨ ਲਈ ਲੋੜੀਂਦੀ ਸੋਨੇ ਦੀ ਧਾਤ ਹੈ ਅਤੇ ਇਸਦੇ ਹਰ ਟਨ ਵਿੱਚ 30 ਗ੍ਰਾਮ ਸੋਨਾ ਲੁਕਿਆ ਹੋਇਆ ਹੈ। ਸਕਾਟਲੈਂਡ ਵਿੱਚ 'ਸਕਾਟਗੋਲਡ' ਇਕੱਲੇ ਨਹੀਂ ਹਨ ਜੋ ਸੋਨੇ ਦੀ ਖੋਜ ਵਿੱਚ ਹਨ।



## ਬੇਰੁਜ਼ਗਾਰ ਅਧਿਆਪਕਾਂ ਨੇ ਕੀਤਾ ਜੀਰਕਪੁਰ, ਬਠਿੰਡਾ ਰਾਜ ਮਾਰਗ ਬੰਦ

**ਚੰਡੀਗੜ੍ਹ/ਵਿਨੋਦ ਸ਼ਰਮਾ**

ਰੁਜਗਾਰ ਖਾਤਰ ਬੇਰੁਜ਼ਗਾਰ ਬੀਐੱਡ ਟੈੱਟ ਪਾਸ ਯੂਨੀਅਨ ਵੱਲੋਂ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਦੀ ਅਗਵਾਈ ਹੇਠ ਅੱਜ ਇਥੇ ਭਵਾਨੀਗੜ੍ਹ ਰੋਡ 'ਤੇ ਸਥਿਤ ਪਿੰਡ ਜਾਹਲਾਂ ਵਿਖੇ ਜੀਰਕਪੁਰ-ਬਠਿੰਡਾ ਨੈਸ਼ਨਲ ਹਾਈਵੇ 'ਤੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਇਹ ਧਰਨਾ ਸੰਗਰੂਰ ਰੋਡ ਤੋਂ ਦੱਖਣੀ ਬਾਈਪਾਸ ਦੇ ਕੋਲ ਲਾਇਆ ਗਿਆ ਹੈ। ਯੂਨੀਅਨ ਆਗੂ ਮੁੱਖ ਮੰਤਰੀ ਨਾਲ ਮੀਟਿੰਗ ਮੁਕੱਰਰ ਕਰਨ ਦੀ ਮੰਗ ਕਰ ਰਹੇ ਹਨ ਤੇ ਉਨ੍ਹਾਂ ਐਲਾਨ ਕੀਤਾ ਹੈ ਕਿ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਹੋਣ ਤਕ ਉਹ ਇੱਥੇ ਹੀ ਡਟੇ ਰਹਿਣਗੇ ਭਾਵੇਂ ਰਾਤ ਹੋ ਜਾਵੇ।

## ਉਜਬੇਕਿਸਤਾਨ ਤੋਂ ਅਮਰੀਕੀ ਫੌਜੀ ਅੱਡੇ 'ਤੇ ਭੇਜੇ ਜਾਣਗੇ ਦੇਸ਼ ਤੋਂ ਭੱਜੇ ਅਫਗਾਨ ਪਾਇਲਟ



**ਵਾਸ਼ਿੰਗਟਨ/ਲੋਕ ਬਾਣੀ**

ਅਮਰੀਕਾ ਤੇ ਉਜਬੇਕਿਸਤਾਨ ਵਿਚਾਲੇ ਨਵੇਂ ਸਮਝੌਤੇ ਦੇ ਤਹਿਤ ਅਫਗਾਨ ਪਾਇਲਟਾਂ ਦੇ ਇਕ ਗਰੁੱਪ ਨੂੰ ਇਸ ਹਫਤੇ ਦੇ ਅਖੀਰ 'ਚ ਉਜਬੇਕਿਸਤਾਨ ਤੋਂ ਅਮਰੀਕੀ ਫੌਜੀ ਅੱਡੇ 'ਤੇ ਭੇਜੇ ਜਾਣ ਦੀ ਉਮੀਦ ਹੈ। ਵਾਲ ਸਟਰੀਟ ਜਰਨਲ ਨੇ ਰਿਪੋਰਟ ਦਿੱਤੀ ਹੈ ਕਿ ਅਫਗਾਨ ਏਅਰ ਫੋਰਸ ਦੇ ਪਾਇਲਟ ਜੋ ਅਗਸਤ ਦੇ ਅੱਧ ਵਿਚ ਤਾਲਿਬਾਨ ਦੇ ਕਾਬੁਲ ਉੱਤੇ ਕਬਜਾ ਕਰਨ ਤੋਂ ਬਾਅਦ ਉਜਬੇਕਿਸਤਾਨ ਭੱਜ ਗਏ ਸਨ, ਨੂੰ ਦੋਹਾ ਵਿਚ ਅਮਰੀਕੀ ਫੌਜੀ ਅੱਡੇ 'ਤੇ ਲਿਜਾਇਆ ਜਾ ਸਕਦਾ ਹੈ, ਪਰ ਇਹ ਅਸਪਸਟ ਨਹੀਂ ਹੈ ਕਿ ਪਾਇਲਟਾਂ ਨੂੰ ਆਖਿਰਕਾਰ ਅਮਰੀਕਾ ਲਿਜਾਇਆ ਜਾਵੇਗਾ ਜਾਂ ਨਹੀਂ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਤਾਲਿਬਾਨ ਨੇ ਸਰਕਾਰੀ ਅਧਿਕਾਰੀਆਂ ਅਤੇ ਫੌਜ ਦੇ ਮੈਂਬਰਾਂ ਨੂੰ ਮੁਆਫੀ ਦੇਣ ਦਾ ਵਾਅਦਾ ਕੀਤਾ ਹੈ, ਪਰ ਪਾਇਲਟ ਅਜੇ ਵੀ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ, ਜਦੋਂ ਕਿ ਉਜਬੇਕ ਸਰਕਾਰ ਪਾਇਲਟਾਂ ਨੂੰ ਸੌਂਪਣ ਲਈ ਤਾਲਿਬਾਨ ਦੇ ਦਬਾਅ ਵਿਚ ਹੈ। ਰਿਪੋਰਟ ਅਨੁਸਾਰ, ਇਸ ਸਮੇਂ ਉਜਬੇਕਿਸਤਾਨ ਵਿਚ 46 ਜਹਾਜ ਹਨ ਅਤੇ ਚਾਲਕ ਦਲ ਅਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ ਕੁੱਲ 585 ਲੋਕ ਹਨ।

## ਮਹਾਪੰਚਾਇਤ ਦੇ ਹਜਾਰਾਂ ਕਿਸਾਨਾਂ ਨੇ ਮੀਂਹ ਵਰਦੇ ਵਿਚ ਵੀ ਪ੍ਰਦਰਸ਼ਨ ਜਾਰੀ ਰੱਖਿਆ

**ਸਿਰਸਾ/ਲੋਕ ਬਾਣੀ**



ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸਿਰਸਾ ਦੀ ਦਾਣਾ ਮੰਡੀ 'ਚ ਕਿਸਾਨ ਮਹਾਪੰਚਾਇਤ ਹੋਈ, ਜਿਸ ਵਿੱਚ ਵਰਦੇ ਮੀਂਹ 'ਚ ਹਜ਼ਾਰਾਂ ਕਿਸਾਨਾਂ ਨੇ ਸ਼ਿਰਕਤ ਕੀਤੀ। ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਨੇਤਾਵਾਂ ਨੇ ਕੇਂਦਰ ਤੇ ਹਰਿਆਣਾ ਦੀ ਭਾਜਪਾ-ਜਜਪਾ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਮਹਾਪੰਚਾਇਤ 'ਚ ਹਾਜ਼ਰ ਕਿਸਾਨਾਂ ਨੇ ਅਹਿਦ ਲਿਆ ਕਿ ਜਦੋਂ ਤੱਕ ਤਿੰਨ ਖੇਤੀ ਕਾਨੂੰਨ ਰੱਦ ਨਹੀਂ ਹੋ ਜਾਂਦੇ ਤੇ ਐੱਮਐੱਸਪੀ ਲਈ ਕਾਨੂੰਨ ਨਹੀਂ ਬਣ ਜਾਂਦਾ, ਉਦੋਂ ਤੱਕ ਇਹ ਅੰਦੋਲਨ ਨਾ ਸਿਰਫ ਜਾਰੀ ਰਹੇਗਾ ਬਲਕਿ ਇਸ ਨੂੰ ਹੋਰ ਜਿਆਦਾ ਤਿੱਖਾ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਆਗਾਮੀ 27 ਸਤੰਬਰ ਨੂੰ ਭਾਰਤ ਬੰਦ ਨੂੰ ਸਫਲ ਬਣਾਉਣ ਲਈ ਕਿਸਾਨਾਂ ਦੇ ਨਾਲ ਨਾਲ ਵਪਾਰੀਆਂ, ਨੌਜਵਾਨਾਂ ਤੇ ਵਿਦਿਆਰਥੀਆਂ ਨੇ ਇਕੱਜੁਟਤਾ ਦਾ ਪ੍ਰਗਟਾਵਾ ਕੀਤਾ। ਮਹਾ ਪੰਚਾਇਤ ਵਿੱਚ ਹਰਿਆਣਾ ਤੋਂ ਇਲਾਵਾ ਪੰਜਾਬ ਤੇ ਰਾਜਸਥਾਨ ਦੇ ਕਿਸਾਨਾਂ ਨੇ ਵੀ ਸ਼ਿਰਕਤ ਕੀਤੀ। ਮਹਾ ਪੰਚਾਇਤ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਗੁਰਨਾਮ ਸਿੰਘ ਚੜੂਨੀ ਤੋਂ ਇਲਾਵਾ ਡਾ. ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਹਾਂ, ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਅਤੁਲ ਕੁਮਾਰ ਅੰਜਾਨ, ਸਵਰਨ ਸਿੰਘ ਵਿਰਕ ਸਮੇਤ ਕਈ ਨੇਤਾਵਾਂ ਨੇ ਸੰਬੋਧਨ ਕੀਤਾ। ਇਸ ਦੌਰਾਨ ਰੁਪਿੰਦਰ ਹਾਂਡਾ ਸਮੇਤ ਕਈ ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਕਿਸਾਨਾਂ ਨੂੰ ਅੰਦੋਲਨ ਦੇ ਲਈ ਉਤਸ਼ਾਹਿਤ ਕੀਤਾ।

## ਕੋਰੋਨਾ ਕਾਰਨ ਆਪਣੇ ਕਰੀਅਰ ਬਾਰੇ ਨਵੇਂ ਸਿਰੇ ਤੋਂ ਸੋਚ ਰਹੇ ਹਨ ਭਾਰਤੀ ਪੇਸ਼ੇਵਰ : ਸਰਵੇ

**ਨਵੀਂ ਦਿੱਲੀ/ਲੋਕ ਬਾਣੀ**

ਮਹਾਮਾਰੀ ਕਾਰਨ ਭਾਰਤੀ ਪੇਸ਼ੇਵਰ ਆਪਣੇ ਕਰੀਅਰ ਬਾਰੇ ਨਵੇਂ ਸਿਰੇ ਤੋਂ ਸੋਚ ਰਹੇ ਹਨ। ਅਮੇਜਨ ਇੰਡੀਅਨ ਦੇ ਇਕ ਸਰਵੇਖਣ 'ਚ ਇਹ ਤੱਥ ਸਾਹਮਣੇ ਆਇਆ ਹੈ। ਈ-ਕਾਮਰਸ ਖੇਤਰ ਦੀ ਦਿੱਗਜ ਕੰਪਨੀ ਨੇ ਇਹ ਸਰਵੇਖਣ ਨੌਕਰੀਆਂ ਅਤੇ ਭਵਿੱਖ ਦੀ ਕਰੀਅਰ ਯੋਜਨਾ 'ਤੇ ਕੋਰੋਨਾ ਦੇ ਪ੍ਰਭਾਵ ਦਾ ਪਤਾ ਲਗਾਉਣ ਲਈ ਕਰਵਾਇਆ ਹੈ। ਇਹ ਸਰਵੇਖਣ ਮਾਰਨਿੰਗ ਕੰਸਲਟ ਨੇ ਅਗਸਤ 'ਚ ਦੇਸ਼ 'ਚ 1000 ਪੇਸ਼ੇਵਰਾਂ ਦਰਮਿਆਨ ਕੀਤਾ। ਸਰਵੇਖਣ 'ਚ ਸ਼ਾਮਲ 59 ਫੀਸਦੀ ਪੇਸ਼ੇਵਰਾਂ ਨੇ ਕਿਹਾ ਕਿ ਉਹ ਨਵੀਂ ਨੌਕਰੀ ਦੀ ਤਲਾਸ਼ ਕਰ ਰਹੇ ਹਨ। ਸਰਵੇ ਅਨੁਸਾਰ, ਕੋਰੋਨਾ ਕਾਰਨ ਭਾਰਤ 'ਚ 35 ਫੀਸਦੀ ਪੇਸ਼ੇਵਰਾਂ ਦੀ ਤਨਖਾਹ 'ਚ ਕਟੌਤੀ ਕੀਤੀ ਗਈ ਹੈ। ਭਾਰਤੀ 'ਚ ਨੌਕਰੀ ਭਾਲ ਰਹੇ 68 ਫੀਸਦੀ ਲੋਕ ਕੋਰੋਨਾ ਕਾਰਨ ਕਿਸੇ ਦੂਜੇ ਉਦਯੋਗ 'ਚ ਰੁਜਗਾਰ ਭਾਲ ਰਹੇ ਹਨ। ਉੱਥੇ ਹੀ ਦੇਸ਼ 'ਚ ਨੌਕਰੀ ਭਾਲ ਰਹੇ 33 ਫੀਸਦੀ ਵਿਅਕਤੀਆਂ ਨੂੰ ਤੁਰੰਤ ਅਜਿਹੀ ਨਵੀਂ ਦੀ ਭਾਲ ਹੈ, ਜਿੱਥੇ ਉਹ ਜਿਆਦਾ ਉਪਯੋਗੀ ਕੰਮ ਕਰ ਸਕਣ। ਨੌਕਰੀ ਤਲਾਸ਼ ਰਹੇ 51 ਫੀਸਦੀ ਭਾਰਤੀ ਉਨ੍ਹਾਂ ਉਦਯੋਗਾਂ 'ਚ ਮੌਕੇ ਭਾਲ ਰਹੇ ਹਨ, ਜਿਨ੍ਹਾਂ 'ਚ ਉਨ੍ਹਾਂ ਨੂੰ ਕੰਮ ਦਾ ਕੋਈ ਅਨੁਭਵ ਨਹੀਂ ਹੈ। ਉੱਥੇ ਹੀ 55 ਫੀਸਦੀ ਭਾਰਤੀਆਂ ਨੇ ਕਿਹਾ ਕਿ ਉਹ ਨੌਕਰੀ ਲਈ ਅਪਲਾਈ ਕਰਦੇ ਸਮੇਂ ਜਿਆਦਾ ਮਹੱਤਵ ਉਸ ਤੋਂ ਮਿਲਣ ਵਾਲੀ ਤਨਖਾਹ ਨੂੰ ਦਿੰਦੇ ਹਨ। ਸਰਵੇਖਣ ਅਨੁਸਾਰ, ਮਹਾਮਾਰੀ ਤੋਂ ਬਾਅਦ 56 ਫੀਸਦੀ ਭਾਰਤੀ ਪੇਸ਼ੇਵਰ ਨੌਕਰੀ ਦੀ ਸੁਰੱਖਿਆ ਨੂੰ ਵੱਧ ਮਹੱਤਵ ਦੇ ਰਹੇ ਹਨ।

## ਸੁਪਰੀਮ ਕੋਰਟ ਦਾ ਕਰਮਚਾਰੀਆਂ ਦੀ ਬਦਲੀ ਨੂੰ ਲੈ ਕੇ ਅਹਿਮ ਫੈਸਲਾ

**ਨਵੀਂ ਦਿੱਲੀ/ਲੋਕ ਬਾਣੀ**



ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੋਈ ਵੀ ਕਰਮਚਾਰੀ ਕਿਸੇ ਖਾਸ ਜਗ੍ਹਾ 'ਤੇ ਤਬਾਦਲੇ ਲਈ ਜੋਰ ਨਹੀਂ ਦੇ ਸਕਦਾ ਅਤੇ ਮਾਲਕ ਨੂੰ ਕਰਮਚਾਰੀ ਦਾ ਆਪਣੀ ਜਰੂਰਤ ਅਨੁਸਾਰ ਤਬਾਦਲਾ ਕਰਨ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਅਕਤੂਬਰ 2017 ਦੇ ਆਦੇਸ ਨੂੰ ਚੁਣੌਤੀ ਦੇਣ ਵਾਲੇ ਲੈਕਚਰਾਰ ਦੀ ਪਟੀਸਨ ਨੂੰ ਖਾਰਜ ਕਰਦੇ ਹੋਏ ਇਹ ਫੈਸਲਾ ਸੁਣਾਇਆ।

## ਚੰਡੀਗੜ੍ਹ-ਮਨਾਲੀ ਸੜਕ 'ਤੇ ਪੰਡੋਹ ਡੈਮ ਕੋਲ ਢਿੱਗਾਂ ਡਿੱਗੀਆਂ; ਆਵਾਜਾਈ ਰੁਕੀ

**ਮੰਡੀ/ਸ਼ਿਮਲਾ/ਲੋਕ ਬਾਣੀ**



ਲਗਾਤਾਰ ਪੈ ਰਹੇ ਮੀਂਹ ਅਤੇ ਢਿੱਗਾਂ ਡਿੱਗਣ ਕਾਰਨ ਹਿਮਾਚਲ ਦੇ ਕੌਮੀ ਹਾਈਵੇਅ ਨੰਬਰ 305 'ਤੇ ਕੁੱਲੂ ਨੇੜੇ ਆਵਾਜਾਈ ਠੱਪ ਹੋ ਗਈ ਹੈ। ਇਸੇ ਤਰ੍ਹਾਂ ਕੌਮੀ ਹਾਈਵੇਅ ਨੰਬਰ 5 ਸ਼ਿਮਲਾ ਜਲ੍ਹਿ ਵਿੱਚ ਵੀ ਦੋ ਥਾਵਾਂ 'ਤੇ ਆਵਾਜਾਈ ਵਿੱਚ ਰੁਕਾਵਟ ਪੈਦਾ ਹੋ ਗਈ ਹੈ। ਸਰਕਾਰੀ ਸੂਤਰਾਂ ਅਨੁਸਾਰ ਕੁੱਲੂ ਵਿੱਚ ਢਿੱਗਾਂ ਡਿੱਗਣ ਕਾਰਨ ਅਨੀ ਤੇ ਬੰਜਾਰ ਵਿੱਚ ਆਵਾਜਾਈ ਰੁਕੀ ਹੈ ਤੇ ਕਈ ਮੁਸਾਫਰ ਫਸ ਗਏ ਹਨ। ਇਸੇ ਤਰ੍ਹਾਂ ਚੰਡੀਗੜ੍ਹ-ਮਨਾਲੀ ਸੜਕ 'ਤੇ ਵੀ ਮੰਡੀ ਕੇ ਕੁੱਲੂ ਦਰਮਿਆਨ ਪੰਡੋਹ ਡੈਮ ਇਲਾਕੇ ਵਿੱਚ ਅੱਜ ਸ਼ਾਮ ਢਿੱਗਾਂ ਡਿੱਗੀਆਂ ਹਨ ਜਿਸ ਕਾਰਨ ਆਵਾਜਾਈ ਵਿੱਚ ਰੁਕਾਵਟ ਪੈਦਾ ਹੋ ਗਈ ਹੈ। ਹਾਈਵੇਅ ਅਥਾਰਿਟੀ ਆਫ ਇੰਡੀਆ ਦੇ ਕਰਮਚਾਰੀ ਸੜਕਾਂ ਤੋਂ ਢਿੱਗਾਂ ਹਟਾਉਣ ਵਿੱਚ ਲੱਗੇ ਹੋਏ ਹਨ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਰਾਜਪੁਰਾ ਦੇ ਇਕ ਘਰ 'ਚ ਹੋਏ ਧਮਾਕੇ ਕਾਰਨ ਮੌਤਾਂ ਦੀ ਗਿਣਤੀ ਹੋਈ 2

**ਰਾਜਪੁਰਾ/ਲੋਕ ਬਾਣੀ :** ਬੀਤੇ ਕੱਲ੍ਹ ਰਾਜਪੁਰਾ ਵਿਖੇ ਜੰਡੌਲੀ ਰੋਡ 'ਤੇ ਇਕ ਘਰ ਵਿਚ ਹੋਏ ਧਮਾਕੇ ਕਾਰਨ ਇਕ 11 ਸਾਲਾ ਲੜਕੀ ਮਨਪ੍ਰੀਤ ਕੌਰ ਪੁੱਤਰੀ ਕ੍ਰਿਸ਼ਨ ਸਿੰਘ ਦੀ ਮੌਤ ਹੋ ਗਈ ਸੀ, ਜਦਕਿ ਤਿੰਨ ਬੱਚੇ ਜ਼ਖ਼ਮੀ ਹੋ ਗਏ ਸਨ। ਜ਼ਖ਼ਮੀਆਂ ਵਿਚੋਂ ਅੱਜ ਇਕ ਹੋਰ ਲੜਕੇ ਗੁਰਪ੍ਰੀਤ ਸਿੰਘ (13) ਪੁੱਤਰ ਕ੍ਰਿਸ਼ਨ ਸਿੰਘ ਦੀ ਮੌਤ ਹੋ ਗਈ ਹੈ।

# ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ ਫ਼ਿਲਮ ਦੀ ਸ਼ੂਟਿੰਗ ਸਥਾਨ 'ਤੇ ਹੋਇਆ ਵੱਡਾ ਹਾਦਸਾ

**ਸੰਘੋਲ/ਲੋਕ ਬਾਣੀ :** ਨਜ਼ਦੀਕੀ ਪਿੰਡ ਖੰਟ ਵਿਖੇ ਗਾਇਕ ਸਤਿੰਦਰ ਸਰਤਾਜ ਤੇ ਅਦਾਕਾਰਾ ਨੀਰੂ ਬਾਜਵਾ ਦੀ ਫ਼ਿਲਮ ਕਲੀ ਜੋਟਾ ਦੀ ਸ਼ੂਟਿੰਗ 'ਤੇ ਵੱਡਾ ਹਾਦਸਾ ਵਾਪਰ ਗਿਆ। ਜਿਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਪਰ ਕਈਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਫ਼ਿਲਮ ਕਲੀ ਜੋਟਾ ਦੀ ਪਿੰਡ ਖੰਟ ਦੇ ਸਕੂਲ ਵਿਖੇ 6 ਸਤੰਬਰ ਤੋਂ ਸ਼ੂਟਿੰਗ ਹੋ ਰਹੀ ਸੀ। ਜਿਸ ਦੌਰਾਨ ਵੈਨਿਟੀ ਵੈਨਾਂ ਹਾਈਵੇਅ ਨੰਬਰ 5 'ਤੇ ਹੀ ਖੜ੍ਹੀਆਂ ਸਨ। ਅੱਜ ਤੜਕਸਾਰ 4 ਵਜੇ ਇਕ ਨਿੱਜੀ ਕੰਪਨੀ ਦੀ ਬੱਸ ਜੋ ਕਿ ਸ੍ਰੀ ਗੰਗਾਨਗਰ ਤੋਂ ਚੰਡੀਗੜ੍ਹ ਜਾ ਰਹੀ ਸੀ ਹਾਦਸੇ ਦਾ ਸ਼ਿਕਾਰ ਹੋ ਕੇ ਖੜ੍ਹੀਆਂ ਵੈਨਿਟੀ ਵੈਨਾਂ ਨਾਲ ਜਾ ਟਕਰਾਈ। ਜਿਸ ਕਾਰਨ 3 ਵੈਨਿਟੀ ਵੈਨਾਂ ਨੁਕਸਾਨੀਆਂ ਗਈਆਂ।

# ਸਰਹੱਦ ਨਾਲ ਲੱਗਦੇ ਇਲਾਕੇ 'ਚ ਹੜ੍ਹ ਵਰਗੀ ਸਥਿਤੀ, ਹਜ਼ਾਰਾਂ ਏਕੜ ਰਕਬਾ ਡੁੱਬਾ

**ਖੇਮਕਰਨ/ਲੋਕ ਬਾਣੀ :** ਸਰਹੱਦੀ ਖੇਤਰ 'ਚ ਕਸੂਰੀ ਨਾਲੇ ਵਿਚ ਜ਼ਿਆਦਾ ਪਾਣੀ ਆਉਣ ਕਾਰਨ ਹੜ੍ਹ ਵਰਗੀ ਸਥਿਤੀ ਬਣ ਗਈ ਹੈ,ਸਰਹੱਦ ਦੇ ਨਾਲ ਨਾਲ ਪੈਂਦੀ ਡਿਫੈਂਸ ਡਰੇਨ 'ਚ ਪਿੰਡ ਨੂਰ ਵਾਲਾ ਤੇ ਮਸਤਗੜ੍ਹ ਨਜਦੀਕ ਦੋ ਜਗ੍ਹਾ ਪਾੜ ਪੈ ਗਿਆ ਹੈ, ਤੇ ਪਿੰਡ ਮਸਤਗੜ੍ਹ ਵੀ ਪਾਣੀ 'ਚ ਘਿਰ ਗਿਆ, ਪਾਣੀ ਘਰਾਂ 'ਚ ਵੜ ਗਿਆ ਹੈ । ਅੱਜ ਹੜ੍ਹ ਵਰਗੀ ਸਥਿਤੀ ਬਣਨ 'ਤੇ ਡੀ. ਸੀ. ਕੁਲਵੰਤ ਸਿੰਘ ਤੇ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਹੜ੍ਹ ਪੀੜਤ ਸਰਹੱਦੀ ਇਲਾਕੇ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜ਼ਾ ਲੈ ਕੇ ਮਾਲ ਵਿਭਾਗ ਨੂੰ ਨੁਕਸਾਨ ਦੀ ਸਪੈਸ਼ਲ ਗਿਰਦਾਵਰੀ ਕਰਨ ਦੇ ਹੁਕਮ ਦਿਤੇ ਹਨ ।

# ਘਰੋਂ ਗੁੰਮ ਹੋਈ ਹਰੜ ਖ਼ੁਰਦ ਦੀ ਬਜ਼ੁਰਗ ਮਹਿਲਾ ਦੀ ਲਾਸ਼ ਸੱਕੀ ਨਾਲੇ ਵਿਚੋਂ ਮਿਲੀ

**ਅਜਨਾਲਾ/ਲੋਕ ਬਾਣੀ :** ਇੱਥੋਂ ਥੋੜੀ ਦੂਰ ਪਿੰਡ ਅੰਬ ਕੋਟਲੀ ਨੇੜਿਉਂ ਸੱਕੀ ਨਾਲੇ ਵਿਚੋਂ ਇਕ ਅਣਪਛਾਤੀ ਬਜ਼ੁਰਗ ਮਹਿਲਾ ਦੀ ਲਾਸ਼ ਮਿਲੀ ,ਜਿਸ ਦੀ ਬਾਅਦ ਵਿਚ ਪਛਾਣ ਹੋ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਅਜਨਾਲਾ ਦੇ ਤਫ਼ਤੀਸ਼ੀ ਅਧਿਕਾਰੀ ਏ.ਐੱਸ.ਆਈ ਗੁਰਬਖ਼ਸ਼ ਸਿੰਘ ਨੇ ਦੱਸਿਆ ਕਿ ਬਜ਼ੁਰਗ ਔਰਤ ਦੀ ਲਾਸ਼ ਨੂੰ ਸੱਕੀ ਨਾਲੇ ਵਿਚੋਂ ਕਢਵਾ ਕੇ ਸਿਵਲ ਹਸਪਤਾਲ ਲਿਆਂਦਾ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਇਹ ਬਜ਼ੁਰਗ ਮਹਿਲਾ ਪਿੰਡ ਹਰੜ ਖ਼ੁਰਦ ਦੀ ਰਹਿਣ ਵਾਲੀ ਹੈ ਜਿਸ ਦਾ ਨਾਮ ਕਸ਼ਮੀਰ ਕੌਰ ਪਤਨੀ ਬੀਰ ਸਿੰਘ ਹੈ ਜੋ ਕਿ ਦਿਮਾਗ਼ੀ ਤੌਰ 'ਤੇ ਠੀਕ ਨਹੀਂ ਰਹਿੰਦੀ ਸੀ।

# ਸ਼ਾਹੀ ਇਮਾਮ ਮੌਲਾਨਾ ਹਬੀਬ-ਉਰ-ਰਹਿਮਾਨ ਸਾਨੀ ਲੁਧਿਆਣਵੀ ਇੱਕ ਵਿਅਕਤੀ ਹੀ ਨਹੀਂ, ਇੱਕ ਸੰਸਥਾ ਸਨ : ਨਾਗਰਾ, ਆਸ਼ੂ



**ਲੁਧਿਆਣਾ/ਕਰਨ ਅਗਰਵਾਲ**

■ ਵੱਖ-ਵੱਖ ਸਿਆਸੀ ਅਤੇ ਧਾਰਮਿਕ ਆਗੂ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਨਾਲ ਦੁੱਖ ਸਾਂਝਾ ਕਰਨ ਜਾਮਾ ਮਸਜਿਦ ਪਹੁੰਚੇ

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਅਤੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ-ਉਰ-ਰਹਿਮਾਨ ਸਾਨੀ ਲੁਧਿਆਣਵੀ, ਜਿਨ੍ਹਾਂ ਦਾ ਸ਼ੁੱਕਰਵਾਰ 10 ਸਤੰਬਰ ਨੂੰ ਇੰਤਕਾਲ ਹੋ ਗਿਆ ਸੀ, ਦੇ ਪੁੱਤਰ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਨਾਲ ਦੁੱਖ ਸਾਂਝਾ ਕਰਨ ਲਈ ਅੱਜ ਜਾਮਾ ਮਸਜਿਦ ਵਿਖੇ ਪਹੁੰਚੇ। ਸ: ਨਾਗਰਾ ਨੇ ਜਿੱਥੇ ਭਾਈਚਾਰਕ ਸਾਂਝਾਂ ਨੂੰ ਮਜਬੂਤ ਕਰਨ ਲਈ ਸ਼ਾਹੀ ਇਮਾਮ ਸਾਹਿਬ ਵੱਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ, ਉਥੇ ਉਨ੍ਹਾਂ ਦੇ ਬਜੁਰਗਾਂ ਵੱਲੋਂ ਦੇਸ਼ ਦੀ ਆਜਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸ਼ਾਹੀ ਇਮਾਮ ਮੌਲਾਨਾ ਹਬੀਬ-ਉਰ- ਰਹਿਮਾਨ ਇੱਕ ਵਿਅਕਤੀ ਨਹੀਂ ਸਗੋਂ ਇੱਕ ਸੰਸਥਾ ਸਨ, ਜਿਨ੍ਹਾਂ ਵੱਲੋਂ ਕੌਮੀ ਏਕਤਾ ਅਤੇ ਆਪਸੀ ਭਾਈਚਾਰੇ ਲਈ ਕੀਤੇ ਕੰਮਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਕਿਹਾ ਕਿ ਸਾਹੀ ਇਮਾਮ ਸਾਹਿਬ ਦੇਸ਼ ਦੀ ਆਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਪ੍ਰਸਿੱਧ ਆਜ਼ਾਦੀ ਘੁਲਾਟੀਏ ਪਰਿਵਾਰ ਦੇ ਵਾਰਿਸ ਸਨ, ਜਿਨ੍ਹਾਂ ਨੇ ਦੇਸ਼ ਭਗਤੀ ਦਾ ਪਾਠ ਆਪਣੇ ਬਜ਼ੁਰਗਾਂ ਤੋਂ ਲੈ ਕੇ ਅਗਾਂਹ ਆਪਣੇ ਬੱਚਿਆਂ ਨੂੰ ਪੜ੍ਹਾਇਆ। ਉਨ੍ਹਾਂ ਦੇ ਫਰਜੰਦ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਵੀ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਕੌਮੀ ਏਕਤਾ ਦਾ ਪ੍ਰਤੀਕ ਬਣ ਚੁੱਕੇ ਹਨ। ਇਸ ਮੌਕੇ ਵਿਧਾਇਕ ਰਾਕੇਸ਼ ਪਾਂਡੇ, ਕਾਂਗਰਸ ਪੰਜਾਬ ਕਾਂਗਰਸ ਦੇ ਬੁਲਾਰੇ ਕਮਲਜੀਤ ਸਿੰਘ ਬਰਾੜ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸ: ਪ੍ਰਿਤਪਾਲ ਸਿੰਘ, ਲੁਧਿਆਣਾ ਯੂਥ ਕਾਂਗਰਸ ਦੇ ਇੰਚਾਰਜ ਮੁਜਾਮਿਲ ਅਲੀ ਖਾਨ ਸ਼ੇਰਵਾਨੀ, ਕੌਂਸਲਰ ਸੰਨੀ ਭੱਲਾ, ਕੌਂਸਲਰ ਰਾਕੇਸ਼ ਪਰਾਸ਼ਰ, ਸੀਨੀਅਰ ਕਾਂਗਰਸੀ ਆਗੂ ਪਰਮਿੰਦਰ ਮਹਿਤਾ ਨੇ ਵੀ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸ਼ਾਹੀ ਇਮਾਮ ਸਾਹਿਬ ਦੇ ਬੇਟੇ ਮੁਹੰਮਦ ਤਾਰਿਕ, ਭਰਾ ਅਤੀਕ-ਉਰ-ਰਹਿਮਾਨ, ਜਨਾਬ ਹਸਨ ਕੈਸਰ, ਜਨਾਬ ਮੁਸਤਕੀਮ ਅਹਿਰਾਰੀ ਵੀ ਮੌਜੂਦ ਸਨ।

# ਠੇਕਾ ਮੁਲਾਜਮਾਂ ਦਾ ਪੱਕਾ ਮੋਰਚਾ ਛੇਵੇਂ ਦਿਨ ਵੀ ਲਗਾਤਾਰ ਜਾਰੀ

■ ਸਮੂਹ ਕੈਟਾਗਰੀਆਂ ਦੇ ਠੇਕਾ ਮੁਲਾਜਮਾਂ ਨੂੰ ਪੱਕਾ ਕਰੇ ਸਰਕਾਰ : ਮੋਰਚਾ ਆਗੂ



**ਪਟਿਆਲਾ/ਜਗਦੀਸ ਰਾਈਕਾ**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਠੇਕਾ ਮੁਲਾਜਮਾਂ ਵੱਲੋਂ ਵਿਭਾਗਾਂ ਵਿੱਚ ਬਿਨਾਂ ਸ਼ਰਤ ਰੈਗੂਲਰ ਕਰਨ ਦੀ ਮੰਗ ਨੂੰ ਲੈਕੇ ਠੀਕਰੀ ਵਾਲਾ ਚੌਂਕ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਨੂੰ ਜਾਂਦੀ ਸੜਕ ਤੇ ਪਰਿਵਾਰਾਂ ਸਮੇਤ ਲਾਇਆ ਪੱਕਾ ਮੋਰਚਾ ਅੱਜ ਛੇਵੇਂ ਦਿਨ ਭਾਰੀ ਮੀਂਹ ਵਿੱਚ ਵੀ ਲਗਾਤਾਰ ਜਾਰੀ ਰਿਹਾ,ਇਸ ਸਮੇਂ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾਈ ਆਗੂਆਂ ਜਗਰੂਪ ਸਿੰਘ,ਵਰਿੰਦਰ ਸਿੰਘ ਮੋਮੀ,ਗੁਰਵਿੰਦਰ ਸਿੰਘ ਪੰਨੂੰ,ਸ਼ੇਰ ਸਿੰਘ ਖੰਨਾ,ਵਰਿੰਦਰ ਸਿੰਘ ਬੀਬੀਵਾਲ,ਸੇਵਕ ਸਿੰਘ ਦੰਦੀਵਾਲ,ਸੁਖਵਿੰਦਰ ਸਿੰਘ ਆਦਿ ਨੇ ਕੈਪਟਨ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਕੈਪਟਨ ਸਰਕਾਰ ਸਮੂਹ ਵਿਭਾਗਾਂ ਦੇ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਤੋਂ ਭੱਜ ਰਹੀ ਹੈ ਜਦੋਂ ਕਿ ਕੈਪਟਨ ਸਰਕਾਰ ਸਮੂਹ ਵਿਭਾਗਾਂ ਦੇ ਹਰ ਤਰਾਂ ਦੇ ਤੇ ਠੇਕਾ ਮੁਲਾਜ਼ਮਾਂ ਨੂੰ ਆਪਣੀ ਪਹਿਲੀ ਹੀ ਕੈਬਨਿਟ ਮੀਟਿੰਗ ਵਿੱਚ ਰੈਗੂਲਰ ਕਰਨ ਦਾ ਵਾਅਦਾ ਕਰਕੇ ਸੱਤਾ ਦੀ ਕੁਰਸੀ ਤੇ ਬਿਰਾਜਮਾਨ ਹੋਈ ਸੀ ਪਰ ਤ੍ਰਾਸਦੀ ਇਹ ਹੈ ਕਿ ਕੈਪਟਨ ਸਰਕਾਰ ਨੇ ਖਜ਼ਾਨਾ ਖਾਲੀ ਹੋਣ ਅਤੇ ਕਾਨੂੰਨੀ ਅਟਚਨਾਂ ਦਾ ਬਹਾਨਾ ਬਣਾਕੇ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਪਿਛਲੇ ਲੰਬੇ ਸਮੇਂ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸ਼ ਰਹੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ,ਜਿਸ ਦੇ ਵਿਰੋਧ ਵਜੋਂ ਅੱਕੇ ਹੋਏ ਹੋਏ ਠੇਕਾ ਮੁਲਾਜ਼ਮਾਂ ਨੇ ਪਟਿਆਲਾ ਵਿਖੇ ਪੱਕਾ ਮੋਰਚਾ ਲਾਇਆ ਹੋਇਆ ਹੈ,ਅੱਜ ਜਦੋਂ ਪੱਕੇ ਮੋਰਚੇ ਦੇ ਛੇਵੇਂ ਦਿਨ ਵੀ ਸਰਕਾਰ ਨੇ ਠੇਕਾ ਮੁਲਾਜ਼ਮਾਂ ਦੇ ਸੰਘਰਸ਼ ਨੂੰ ਅਣ-ਵੇਖਿਆ ਕੀਤਾ ਗਿਆ ਤਾਂ ਠੇਕਾ ਮੁਲਾਜ਼ਮਾਂ ਨੇ ਬਾਅਦ ਦੁਪਹਿਰ 02 ਤੋਂ ਸ਼ਾਮ 04 ਵਜ਼ੇ ਚੁੰਗੀ ਟੀ-ਪੁਆਇੰਟ ਨੂੰ ਮੁਕੰਮਲ ਜਾਮ ਕੀਤਾ ਗਿਆ,ਆਗੂਆਂ ਨੇ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ,ਆਊਟਸੋਰਸਿੰਗ,ਕੰਪਨੀਆਂ,ਇਨਲਿਸਟਮੈਂਟ ਆਦਿ ਹੋਰ ਸਮੂਹ ਕੈਟਾਗਿਰੀਆਂ ਰਾਹੀਂ ਕੰਮ ਕਰਦੇ ਸਮੂਹ ਠੇਕਾ ਮੁਲਾਜਮਾਂ ਨੂੰ ਬਿਨਾਂ ਸ਼ਰਤ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇ,ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਨਵੇਂ ਲਿਆਂਦੇ ਜਾ ਰਹੇ ਐਕਟ ਵਿੱਚ ਸਮੂਹ ਕੈਟਾਗਿਰੀਆਂ ਨੂੰ ਸ਼ਾਮਿਲ ਕੀਤਾ ਜਾਵੇ,ਸਮੂਹ ਵਿਭਾਗਾਂ ਦੇ ਨਿੱਜੀਕਰਨ ਅਤੇ ਪੁਨਰਗਠਨ ਦੀ ਨੀਤੀ ਰੱਦ ਕੀਤੀ ਜਾਵੇ,ਸਮੂਹ ਵਿਭਾਗਾਂ ਦੇ ਠੇਕਾ ਮੁਲਾਜਮਾਂ ਦੀਆਂ ਛਾਂਟੀਆਂ ਕਰਨ ਦੀ ਨੀਤੀ ਰੱਦ ਕੀਤੀ ਜਾਵੇ,ਇਸ ਸਮੇਂ ਭ੍ਰਾਤਰੀ ਹਮਾਇਤ ਵਜੋਂ ਪੰਜਾਬੀ ਯੂਨੀਵਰਸਿਟੀ ਕਰਜ਼ਾ ਮੁਕਤ ਸੰਘਰਸ਼ ਕਮੇਟੀ ਤੋਂ ਕਨਵੀਨਰ ਗੁਰਜੀਤ ਸਿੰਘ ਗਿੱਲ ਆਦਿ ਆਗੂ ਹਾਜ਼ਿਰ ਸਨ।

# ਪਾਕਿਸਤਾਨ ਵਿਚ ਅਸਮਾਨੀ ਬਿਜਲੀ ਪੈਣ ਕਾਰਨ 14 ਲੋਕਾਂ ਦੀ ਮੌਤ

**ਪੇਸ਼ਾਵਰ/ਲੋਕ ਬਾਣੀ :** ਅੱਜ ਐਤਵਾਰ ਨੂੰ ਉੱਤਰ-ਪੱਛਮ ਪਾਕਿਸਤਾਨ ਦੇ ਦਿਹਾਤੀ ਖੇਤਰ ਦੇ 3 ਘਰਾਂ 'ਤੇ ਅਸਮਾਨੀ ਬਿਜਲੀ ਪੈਣ ਕਾਰਨ ਮਹਿਲਾਵਾਂ ਤੇ ਬੱਚਿਆਂ ਸਣੇ 14 ਲੋਕਾਂ ਦੀ ਮੌਤ ਹੋ ਗਈ ਹੈ।

# ਬੱਦਲ ਫੱਟਣ ਕਾਰਨ 4 ਜੀਆਂ ਦੀ ਮੌਤ

**ਸ੍ਰੀਨਗਰ/ਲੋਕ ਬਾਣੀ :** ਜੰਮੂ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਬੱਦਲ ਫੱਟਣ ਕਾਰਨ ਇਕ ਪਰਿਵਾਰ ਦੇ 4 ਜੀਆਂ ਦੀ ਮੌਤ ਹੋ ਗਈ ਅਤੇ ਇਕ ਬਜ਼ੁਰਗ ਲਾਪਤਾ ਹੋ ਗਿਆ ਹੈ।

# ਥਾਣਾ ਸੰਗਤ ਮੰਡੀ ਦੀ ਪੁਲਿਸ ਨੇ 13 ਹਜ਼ਾਰ ਨਸ਼ੀਲੀਆਂ ਗੋਲੀਆਂ ਸਮੇਤ ਇਕ ਆਦਮੀ ਅਤੇ ਇਕ ਔਰਤ ਨੂੰ ਕੀਤਾ ਕਾਬੂ

**ਸੰਗਤ ਮੰਡੀ/ਲੋਕ ਬਾਣੀ :** ਥਾਣਾ ਸੰਗਤ ਮੰਡੀ ਦੀ ਪੁਲਿਸ ਨੇ ਇਕ ਗਸ਼ਤ ਦੌਰਾਨ ਇਕ ਔਰਤ ਅਤੇ ਇਕ ਆਦਮੀ ਪਾਸੋਂ 13 ਹਜ਼ਾਰ ਨਸ਼ੀਲੀਆਂ ਗੋਲੀਆਂ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਹ ਦੋਵੇਂ ਔਰਤ ਅਤੇ ਆਦਮੀ ਜ਼ਿਲ੍ਹਾ ਫ਼ਰੀਦਕੋਟ ਦੇ ਰਹਿਣ ਵਾਲੇ ਹਨ।

# ਕੌਂਸਲਰ ਸ਼ਿਵਾਨੀ ਗੋਇਲ ਨੂੰ ਸਦਮਾ ਮਾਤਾ ਦਾ ਦੇਹਾਂਤ

**ਜੀਰਕਪੁਰ/ਰਵੀ ਜੀਰਕਪੁਰ**

ਸੀਨੀਅਰ ਕਾਂਗਰਸੀ ਆਗੂ ਅਤੇ ਜ਼ੀਰਕਪੁਰ ਨਗਰ ਕੌਂਸਲ ਦੇ ਵਾਰਡ ਨੰਬਰ 7 ਦੀ ਕੌਂਸਲਰ ਸ਼ਿਵਾਨੀ ਗੋਇਲ ਨੂੰ ਅੱਜ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨ ਾਂ ਦੀ ਮਾਤਾ ਸ਼ੋਭਾ ਗੁਪਤਾ ਦੀ 73 ਸਾਲ ਦੀ ਉਮਰ ਵਿੱਚ ਸੰਖੇਪ ਬਿਮਾਰੀ ਤੋਂ ਬਾਅਦ ਮੌਤ ਹੋ ਗਈ ਬਾਅਦ ਦੁਪਹਿਰ ਉਨ ਾਂ ਦਾ ਪੰਚਕੂਲਾ ਦੇ ਸੈਕਟਰ 20 ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਜਿਥੇ ਸੈਂਕੜੇ ਲੋਕਾਂ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ। ਹਾਸਲ ਜਾਣਕਾਰੀ ਅਨੁਸਾਰ ਨਗਰ ਕੌਂਸਲ ਜ਼ੀਰਕਪੁਰ ਦੇ ਵਾਰਡ ਨੰਬਰ 7 ਦੀ ਕੌਂਸਲਰ ਸ਼ਿਵਾਨੀ ਗੋਇਲ ਦੀ ਮਾਤਾ ਸ਼ੋਭਾ ਗੁਪਤਾ ਵਾਸੀ ਸੈਣੀ ਵਿਹਾਰ ਫੇਜ਼ 2 ਬਲਟਾਣਾ ਜੀਰਕਪੁਰ ਬਿਲਕੁਲ ਤੰਦਰੁਸਤ ਸਨ ਅਤੇ ਅੱਜ ਸਵੇਰੇ ਉਨ ਾਂ ਨੂੰ ਕੁਝ ਤਕਲੀਫ਼ ਹੋਣ ਕਾਰਨ ਢਕੋਲੀ ਦੇ ਸਰਕਾਰੀ ਹਸਪਤਾਲ ਵਿਖੇ ਲਿਜਾਇਆ ਗਿਆ ਸੀ ਜਿਥੇ ਕੁਝ ਦੇਰ ਬਾਅਦ ਉਨ ਾਂ ਦੀ ਮੌਤ ਹੋ ਗਈ। ਸ਼ੋਭਾ ਗੁਪਤਾ ਦੀ ਮੌਤ ਹੋਣ ਤੋਂ ਬਾਅਦ ਖੇਤਰ ਦੀਆਂ ਵੱਖ ਵੱਖ ਧਾਰਮਿਕ ਸਮਾਜਿਕ ਤੇ ਸਿਆਸੀ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਵਾਨੀ ਗੋਇਲ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਪਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ।ਬਾਅਦ ਦੁਪਹਿਰ ਪੰਚਕੂਲਾ ਸੈਕਟਰ 20 ਦੇ ਸ਼ਮਸ਼ਾਨਘਾਟ ਵਿੱਚ ਉਨ ਾਂ ਦੀ ਅੰਤਿਮ ਯਾਤਰਾ ਮੌਕੇ ਹਲਕਾ ਡੇਰਾਬੱਸੀ ਦੇ ਇੰਚਾਰਜ ਅਤੇ ਸੀਨੀਅਰ ਕਾਂਗਰਸੀ ਆਗੂ ਦੀਪਿੰਦਰ ਸਿੰਘ ਢਿੱਲੋਂ, ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਉਦੇਵੀਰ ਢਿੱਲੋਂ, ਸੀਨੀਅਰ ਕਾਂਗਰਸੀ ਆਗੂ ਹਰਜੀਤ ਸਿੰਘ ਮਿੰਟਾ, ਕੌਂਸਲਰ ਨੇਹਾ ਸ਼ਰਮਾ, ਸਮਾਜਸੇਵੀ ਅੰਜਲੀ ਸ਼ਰਮਾ, ਸੀਨੀਅਰ ਪੱਤਰਕਾਰ ਅਵਤਾਰ ਸਿੰਘ ਧੀਮਾਨ, ਰਮਨ ਜੁਨੇਜਾ ,ਫਰਨੀਚਰ ਮਾਰਕੀਟ ਦੇ ਅਹੁਦੇਦਾਰ ਸਾਹਿਲ ਅਰੋੜਾ, ਮਿੱਠਨ ਗਰਗ, ਪ੍ਰਤਾਪ ਸਿੰਘ ਰਾਣਾ, ਦੀਪਕ ਧੀਮਾਨ, ਨਵਤੇਜ ਸਿੰਘ ਨਵੀ ਧੀਮਾਨ, ਮਨੀ ਸ਼ਰਮਾ, ਯਸ਼ਵੰਤ ਸੈਣੀ ਸਮੇਤ ਵਾਰਡ ਨੰਬਰ 7 ਦੇ ਵਸਨੀਕਾਂ, ਫਰਨੀਚਰ ਮਾਰਕੀਟ ਦੇ ਦੁਕਾਨਦਾਰਾਂ, ਸਿਆਸੀ ਅਤੇ ਧਾਰਮਿਕ ਜਥੇਬੰਦੀ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕਰ ਕੇ ਬਿਛੜੀ ਰੂਹ ਨੂੰ ਅੰਤਿਮ ਵਿਦਾਈ ਦਿੱਤੀ।

# ਦੀਪ ਮਹਿਰਾ ਬਣੇ ਕਸ਼ਯਪ ਰਾਜਪੂਤ ਸਮਾਜ ਦੇ ਪੰਜਾਬ ਪ੍ਰਧਾਨ



**ਸਾਹਪੁਰ ਕੰਢੀ/ਸੁਖਵਿੰਦਰ ਜੰਡੀਰ**

ਇਸ ਸਮੇਂ ਸਮਾਜ ਚ ਹਰ ਇਕ ਵਰਗ ਦੇ ਲੋਕਾਂ ਵੱਲੋਂ ਆਪਣੀ ਬਰਾਦਰੀ ਨੂੰ ਅੱਗੇ ਲਿਜਾਉਣ ਲਈ ਕੰਮ ਕੀਤੇ ਜਾ ਰਹੇ ਹਨ ਤੇ ਆਪਣੀ ਬਰਾਦਰੀ ਦੇ ਲੋਕਾਂ ਨੂੰ ਆਪਸ ਵਿੱਚ ਜੋੜਿਆ ਜਾ ਰਿਹਾ ਹੈ ਉਸ ਦੇ ਚੱਲਦਿਆਂ ਅੱਜ ਪਠਾਨਕੋਟ ਵਿੱਚ ਕਸ਼ਯਪ ਰਾਜਪੂਤ ਸਮਾਜ ਵੱਲੋਂ ਇਕ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਜਿਸ ਵਿਚ ਪੰਜਾਬ ਦੇ ਅਲੱਗ ਅਲੱਗ ਜਲ਼ਿਆਂ ਅਤੇ ਤਹਿਸੀਲਾਂ ਤੋਂ ਕਸਯਪ ਰਾਜਪੂਤ ਸਮਾਜ ਦੇ ਲੋਕ ਪਹੁੰਚੇ ਪ੍ਰੋਗਰਾਮ ਵਿਚ ਕਸ਼ਯਪ ਰਾਜਪੂਤ ਸਮਾਜ ਵੱਲੋਂ ਪਠਾਨਕੋਟ ਦੇ ਦੀਪ ਮਹਿਰਾ ਨੂੰ ਕਸ਼ਯਪ ਰਾਜਪੂਤ ਸਮਾਜ ਦਾ ਪੰਜਾਬ ਆਗੂ ਨਿਯੁਕਤ ਕੀਤਾ ਗਿਆ ਇਸ ਮੌਕੇ ਉੱਥੇ ਪਹੁੰਚੇ ਕਸ਼ਯਪ ਰਾਜਪੂਤ ਸਮਾਜ ਦੇ ਸਾਰੇ ਪਦ ਅਧਿਕਾਰੀਆਂ ਤੇ ਮੈਂਬਰਾਂ ਵੱਲੋਂ ਨਵ ਨਿਯੁਕਤ ਪੰਜਾਬ ਆਗੂ ਦੀਪ ਮਹਿਰਾ ਨੂੰ ਫੁੱਲਾਂ ਦੇ ਹਾਰ ਪਵਾ ਕੇ ਵਧਾਈ ਦਿੱਤੀ ਗਈ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਸਮਾਜ ਵਿੱਚ ਹਰ ਇੱਕ ਬਰਾਦਰੀ ਦੇ ਲੋਕਾਂ ਵੱਲੋਂ ਆਪਣੀ ਬਰਾਦਰੀ ਦੇ ਸੰਗਠਨ ਬਣਾਏ ਗਏ ਹਨ ਉਨ੍ਹਾਂ ਕਿਹਾ ਕਿ ਕਸ਼ਯਪ ਰਾਜਪੂਤ ਮਹਿਰਾ ਬਰਾਦਰੀ ਵੱਲੋਂ ਵੀ ਆਪਣੀ ਬਿਰਾਦਰੀ ਨੂੰ ਇਕਜੁੱਟ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉੱਥੇ ਹੀ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਨਵੇਂ ਬਣੇ ਪੰਜਾਬ ਆਗੂ ਦੀਪ ਮਹਿਰਾ ਨੇ ਸਾਰੇ ਕਸ਼ਯਪ ਰਾਜਪੂਤ ਸਮਾਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਮਾਜ ਵਿੱਚ ਕਸ਼ਯਪ ਰਾਜਪੂਤ ਬਿਰਾਦਰੀ ਦੇ ਲੋਕਾਂ ਨੂੰ ਇਕੱਠੇ ਹੋਣ ਦੀ ਲੋੜ ਹੈ ਉਨ੍ਹਾਂ ਕਿਹਾ ਕਿ ਅੱਜ ਕਸਯਪ ਰਾਜਪੂਤ ਸਮਾਜ ਵਿੱਚ ਉਨ੍ਹਾਂ ਨੂੰ ਜੋ ਸਨਮਾਨ ਮਿਲਿਆ ਹੈ ਉਸ ਲਈ ਉਹ ਪੂਰੀ ਕਸ਼ਯਪ ਰਾਜਪੂਤ ਬਰਾਦਰੀ ਦਾ ਧੰਨਵਾਦ ਕਰਦੇ ਹਨ ਤੇ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣੀ ਬਰਾਦਰੀ ਨੂੰ ਅੱਗੇ ਲਿਆਉਣ ਲਈ ਹਮੇਸ਼ਾ ਯਤਨ ਕਰਦੇ ਰਹਿਣਗੇ ਤੇ ਸਮਾਜ ਵਿੱਚ ਲੋਕ ਭਲਾਈ ਦੇ ਕੰਮਾਂ ਦੇ ਨਾਲ ਨਾਲ ਹਮੇਸ਼ਾਂ ਲੋੜਵੰਦਾਂ ਅਤੇ ਗਰੀਬ ਪਰਿਵਾਰਾਂ ਦੀ ਮਦਦ ਕਰਦੇ ਰਹਿਣਗੇ ਇਸ ਮੌਕੇ ਪ੍ਰੋਗਰਾਮ ਵਿਚ ਵੱਖ ਵੱਖ ਜ਼ਿਲ੍ਹਿਆਂ ਤਹਿਸੀਲਾਂ ਤੇ ਕਸ਼ਯਪ ਰਾਜਪੂਤ ਸਮਾਜ ਦੇ ਲੋਕਾਂ ਦੇ ਨਾਲ ਪਠਾਨਕੋਟ ਦ ਕਸ਼ਯਪ ਰਾਜਪੂਤ ਬਰਾਦਰੀ ਦੇ ਲੋਕ ਵੀ ਮੌਜੂਦ ਰਹੇ।

## ਗੁਰਦਾਸਪੁਰ ਨੂੰ ਟੁਕੜਿਆਂ ਵਿੱਚ ਵੰਡਿਆ ਜਾਣਾ ਮੰਦਭਾਗਾ : ਅਰੁਨਾ ਚੌਧਰੀ

**ਦੀਨਾਨਗਰ/ਨਵਨੀਤ ਕੁਮਾਰ**

ਕੈਬਨਿਟ ਮੰਤਰੀ ਅਰੁਨਾ ਚੌਧਰੀ ਨੇ ਬਟਾਲਾ ਨੂੰ ਜਲ਼ਿ੍ਹਾ ਬਣਾਉਣ ਨੂੰ ਲੈ ਕੇ ਚੱਲ ਰਹੀ ਗਰਮਖਿਆਲੀ ਸਿਆਸਤ ਦੇ ਵਿਚਕਾਰ ਆਪਣਾ ਪੱਖ ਸਪੱਸਟ ਕੀਤਾ। ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਦੀਨਾਨਗਰ ਵਿੱਚ ਉਨ੍ਹਾਂ ਦੀ ਰਿਹਾਇਸ ’ਤੇ ਕੀਤੀ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਉਹ ਨਾ ਤਾਂ ਬਟਾਲਾ ਨੂੰ ਜਲ਼ਿ੍ਹਾ ਬਣਾਉਣ ਦੇ ਪੱਖ ਵਿੱਚ ਹਨ ਅਤੇ ਨਾ ਹੀ ਇਸ ਦੇ ਵਿਰੁੱਧ, ਪਰ ਇਸ ਲਈ ਗੁਰਦਾਸਪੁਰ ਨੂੰ ਵੰਡਿਆ ਨਹੀਂ ਜਾਣਾ ਚਾਹੀਦਾ। ਉਸਨੇ ਕਿਹਾ ਕਿ

ਗੁਰਦਾਸਪੁਰ ਬਾਰ ਐਸੋਸੀਏਸਨ ਦੇ ਪ੍ਰਧਾਨ ਰਾਕੇਸ ਸਰਮਾ ਦੀ ਅਗਵਾਈ ਵਿੱਚ ਇੱਕ ਵਫਦ ਨੇ ਬਟਾਲਾ ਨੂੰ ਜਲ਼ਿ੍ਹਾ ਨਾ ਬਣਾਉਣ ਸਬੰਧੀ ਮੈਨੂੰ ਮੰਗ ਪੱਤਰ ਵੀ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਇੱਕ ਇਤਿਹਾਸਕ ਜਲ਼ਿ੍ਹਾ ਹੈ, ਜੋ ਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਵੀ ਇਹ ਜਲ਼ਿ੍ਹਾ ਸੀ। ਵੰਡ ਤੋਂ ਬਾਅਦ ਪਹਿਲਾਂ ਸਕਰਗੜ੍ਹ ਤਹਿਸੀਲ ਨੂੰ ਗੁਰਦਾਸਪੁਰ ਤੋਂ ਵੱਖ ਕੀਤਾ ਗਿਆ ਅਤੇ ਫਿਰ 2011 ਵਿੱਚ ਪਠਾਨਕੋਟ ਨੂੰ ਰਾਜਨੀਤੀ ਦੀ ਆੜ ਵਿੱਚ ਗੁਰਦਾਸਪੁਰ ਤੋਂ ਬਾਹਰ ਕੱਢ ਕੇ ਇੱਕ ਵੱਖਰਾ ਜਲ਼ਿ੍ਹਾ ਬਣਾ ਦਿੱਤਾ ਗਿਆ। ਜਿਸ ਤੋਂ ਬਾਅਦ ਗੁਰਦਾਸਪੁਰ ਜਲ਼ਿ੍ਹੇ ਦਾ ਦਾਇਰਾ ਬਹੁਤ ਸੀਮਤ ਹੋ ਗਿਆ। ਜੇਕਰ ਬਟਾਲਾ ਨੂੰ ਵੀ ਗੁਰਦਾਸਪੁਰ ਤੋਂ ਵੱਖ ਕਰਕੇ ਇੱਕ ਜਲ਼ਿ੍ਹਾ ਬਣਾ ਦਿੱਤਾ ਜਾਂਦਾ ਹੈ, ਤਾਂ ਗੁਰਦਾਸਪੁਰ ਸਿਰਫ ਨਾਮ ਵਿੱਚ ਇੱਕ ਜਲ਼ਿ੍ਹਾ ਹੀ ਰਹੇਗਾ। ਉਨਾਂ ਕਿਹਾ ਕਿ ਜੇ ਬਟਾਲਾ ਨੂੰ ਜਲ਼ਿ੍ਹਾ ਬਣਾਉਣ ਦਾ ਪ੍ਰਸਤਾਵ ਹੈ, ਤਾਂ ਇਸ ਨੂੰ 2021 ਦੀ ਮਰਦਮਸੁਮਾਰੀ ਦਾ ਇੰਤਜਾਰ ਕਰਨਾ ਚਾਹੀਦਾ ਹੈ. ਇਸ ਵਿੱਚ, ਆਬਾਦੀ ਅਤੇ ਵਿਧਾਨ ਸਭਾ ਹਲਕੇ ਦੇ ਹਿਸਾਬ ਨਾਲ ਇੱਕ ਜਲ਼ਿ੍ਹਾ ਬਣਾਉਣ ਦੇ ਪ੍ਰਸਤਾਵ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ. ਉਨ੍ਹਾਂ ਕਿਹਾ ਕਿ ਇਸ ਸਮੇਂ ਬਟਾਲਾ ਨੂੰ ਜਲ਼ਿ੍ਹਾ ਬਣਾਉਣ ‘ਤੇ ਧਿਆਨ ਦੇਣ ਦੀ ਬਜਾਏ, ਬਟਾਲਾ ਤੋਂ ਖੁੱਸ ਚੁੱਕੀ ਸਨਅਤ ਨੂੰ ਵਾਪਸ ਲਿਆਂਦਾ ਜਾਵੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਥਾਨਾਂ ਨੂੰ ਇਤਿਹਾਸਕ ਵਿਰਾਸਤੀ ਵਿਰਾਸਤ ਵਜੋਂ ਵਿਕਸਤ ਕੀਤਾ ਜਾਵੇ, ਤਾਂ ਜੋ ਇਸ ਸਥਾਨ ਨੂੰ ਲੱਭਿਆ ਜਾ ਸਕੇ। ਉਨਾਂ ਕਿਹਾ ਕਿ ਬਟਾਲਾ ਨੂੰ ਜਿਲ੍ਹਾ ਬਣਾਉਣ ਤੋਂ ਪਹਿਲਾਂ ਇੱਕ ਵਾਰ ਸੋਚ ਵਿਚਾਰ ਕਰਨੀ ਚਾਹੀਦੀ ਹੈ।



## 4 ਹਾਰਸ ਰੈਜੀਮੈਂਟ ਵੱਲੋਂ ਅੱਜ ਫਿਲੌਰਾ ਦੀ ਲੜਾਈ ਦੇ ਹੀਰੋਜ ਨੂੰ ਕੀਤਾ ਯਾਦ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

■ 1965 ਦੀ ਜੰਗ ਦੇ ਹੀਰੋ ਮੇਜ਼ਰ ਭੁਪਿੰਦਰ ਸਿੰਘ ਦੀ ਯਾਦਗਾਰ ‘ਤੇ ਕੀਤੇ ਸ਼ਰਧਾ ਦੇ ਫੁੱਲ ਭੇਂਟ

4 ਹਾਰਸ ਰੈਜੀਮੈਂਟ ਵੱਲੋਂ ਅੱਜ ਫਿਲੌਰਾ ਦੀ ਲੜਾਈ ਦੇ ਹੀਰੋਜ ਨੂੰ ਯਾਦ ਕਰਦਿਆਂ ਸਥਾਨਕ ਰੋਜ਼ ਗਾਰਡਨ ਦੇ ਬਾਹਰ ਸ਼ਹੀਦ ਮੇਜਰ ਭੁਪਿੰਦਰ ਸਿੰਘ ਦੀ ਯਾਦਗਾਰ ‘ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। 4 ਹਾਰਸ ਰੈਜੀਮੈਂਟ ਦੇ ਐਜੂਡੈਂਟ ਕੈਪਟਨ ਸਿਧਾਰਥ ਸਿੰਘ ਨੇ ਇੱਕ ਛੋਟੀ ਟੁਕੜੀ ਦੀ ਅਗਵਾਈ ਕੀਤੀ ਅਤੇ ਮੇਜਰ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੂੰ ਮਹਾਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮੌਕੇ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਜਿਕਰਯੋਗ ਹੈ ਕਿ ਫਿਲੋਰਾ ਦੀ ਲੜਾਈ ਭਾਰਤ-ਪਾਕਿ 1965 ਦੀ ਲੜਾਈ ਦੌਰਾਨ ਲੜੀ ਗਈ ਸਭ ਤੋਂ ਵੱਡੀ ਟੈਂਕ ਲੜਾਈਆਂ ਵਿੱਚੋਂ ਇੱਕ ਸੀ। ਮੇਜਰ ਭੁਪਿੰਦਰ ਸਿੰਘ ਨੇ 11 ਤੋਂ 19 ਸਤੰਬਰ ਤੱਕ ਇਸ ਜੰਗ ਵਿੱਚ ਬਹਾਦਰੀ ਨਾਲ ਆਪਣੇ ਦਸਤੇ ਦੀ ਅਗਵਾਈ ਕੀਤੀ ਅਤੇ ਬਹਾਦਰੀ ਨਾਲ ਯੁੱਧ ਕਰਦਿਆਂ ਫਿਲੌਰਾ ਅਤੇ ਸੋਦਰੇਕੇ ਵਿੱਚ ਦੁਸ਼ਮਣ ਦੇ ਕਈ ਟੈਂਕਾਂ ਨੂੰ ਵੀ ਤਬਾਹ ਕੀਤਾ। 19 ਸਤੰਬਰ ਨੂੰ, ਦੁਸ਼ਮਣ ਫੌਜ ਵੱਲੋਂ ਉਨ੍ਹਾਂ ਦੇ ਟੈਂਕ ‘ਤੇ ਜਬਰਦਸਤ ਹਮਲਾ ਕੀਤਾ ਗਿਆ ਅਤੇ ਟੈਂਕ ਅੱਗ ਦੀ ਚਪੇਟ ਵਿੱਚ ਆ ਗਿਆ। ਮੇਜਰ ਭੁਪਿੰਦਰ ਸਿੰਘ ਨੂੰ ਟੈਂਕ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਮਿਲਟਰੀ ਹਸਪਤਾਲ ਦਿੱਲੀ ਵਿਖੇ ਭੇਜ ਦਿੱਤਾ ਗਿਆ ਜਿੱਥੇ 3 ਅਕਤੂਬਰ 1965 ਨੂੰ ਉਨ੍ਹਾਂ ਦਮ ਤੋੜ ਦਿੱਤਾ।

## ਨਿੱਕੂ ਪਾਰਕ ਵਿੱਚ ਬ੍ਰੇਕ ਡਾਂਸ ਝੂਲਾ ਅਤੇ ਕ੍ਰਿਕਟ ਬੋਲਿੰਗ ਮਸ਼ੀਨ ਚਾਲੂ : ਡਿਪਟੀ ਕਮਿਸ਼ਨਰ

■ ਕਿਹਾ, ਪ੍ਰਸ਼ਾਸਨ ਵੱਲੋਂ ਪਾਰਕ ਦੀ ਸ਼ਾਨ ਨੂੰ ਮੁੜ ਬਹਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ

**ਜਲੰਧਰ/ਹਰਬੰਸ ਸਿੰਘ ਬਿੱਟੂ**

ਜਲ਼ਿ੍ਹਾ ਪ੍ਰਸ਼ਾਸਨ, ਜਲੰਧਰ ਦੇ ਠੋਸ ਯਤਨਾਂ ਸਦਕਾ ਬੱਚਿਆਂ ਦੇ ਮਨਪਸੰਦ ਮਨੋਰੰਜਨ ਸਥਾਨ ਨਿੱਕੂ ਪਾਰਕ ਨੇ ਇਥੇ ਕਈ ਵਿਕਾਸ ਕਾਰਜ ਹੋਣ ਮੁਕੰਮਲ ਹੋਣ ਤੋਂ ਬਾਅਦ ਆਪਣੀ ਪੁਰਾਣੀ ਸ਼ਾਨ ਮੁੜ ਹਾਸਲ ਕਰ ਲਈ ਹੈ। ਪਾਰਕ ਵਿੱਚ ਦਰਸਕਾਂ ਵੱਲੋਂ ਲੰਮੇ ਸਮੇਂ ਤੋਂ ਉਡੀਕ ਕੀਤੇ ਜਾ ਰਹੇ ਬ੍ਰੇਕ ਡਾਂਸ ਝੂਲੇ ਅਤੇ ਕ੍ਰਿਕਟ ਬੋਲਿੰਗ ਖੇਡ ਦੀ ਸੁਰੂਆਤ ਕਰ ਦਿੱਤੀ ਗਈ ਹੈ, ਜਿਸ ਸਦਕਾ ਇੱਥੇ ਮਨੋਰੰਜਨ ਗਤੀਵਿਧੀਆਂ ਨੂੰ ਹੋਰ ਹੁਲਾਰਾ ਮਿਲੇਗਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਸ੍ਰੀ ਘਨਸਿਆਮ ਥੋਰੀ ਨੇ ਦੱਸਿਆ ਕਿ ਦੋਵੇਂ ਨਵੀਆਂ ਸਹੂਲਤਾਂ 5 ਲੱਖ ਰੁਪਏ ਦੀ ਲਾਗਤ ਨਾਲ ਸੁਰੂ ਕੀਤੀਆਂ ਗਈਆਂ ਹਨ ਅਤੇ ਇਸ ਤੋਂ ਪਹਿਲਾਂ ਇੱਥੇ 12 ਲੱਖ ਰੁਪਏ ਦੀ ਲਾਗਤ ਨਾਲ ਕਈ ਵਿਕਾਸ ਕਾਰਜ ਕਰਵਾਏ ਗਏ ਹਨ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਪਾਰਕ ਦੀਆਂ ਕੰਧਾਂ ਉੱਤੇ ਮਨਮੋਹਕ ਤਸਵੀਰਾਂ ਪੇਂਟ ਕਰ ਕੇ ਨਿੱਕੂ ਪਾਰਕ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਸ੍ਰੀ ਥੋਰੀ ਨੇ ਦੱਸਿਆ ਕਿ ਪਾਰਕ ਵਿੱਚ ਵਿਸ਼ਾ ਆਧਾਰਤ ਪੇਂਟਿੰਗ ਕਰਵਾਈ ਗਈ ਹੈ, ਜੋ ਕਿ ਬੱਚਿਆਂ ਵਿੱਚ ਖਿੱਚ ਦਾ ਕੇਂਦਰ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਰੱਖ-ਰਖਾਅ ਦੀ ਘਾਟ ਕਾਰਨ ਬ੍ਰੇਕ ਡਾਂਸ ਰਾਈਡ ਬੰਦ ਪਈ ਸੀ ਜਦਕਿ ਕ੍ਰਿਕਟ ਬੋਲਿੰਗ ਮਸੀਨ ਪਾਰਕ ਵਿੱਚ ਨਵੀਂ ਸਥਾਪਿਤ ਕੀਤੀ ਗਈ ਹੈ ਅਤੇ ਦੋਵੇਂ ਹੁਣ ਕਾਰਜਸੀਲ ਹਨ।



ਸ਼ਹਿਰ ਦੇ ਬਿਲਕੁਲ ਵਿਚਕਾਰ 4.5 ਏਕੜ ਵਿੱਚ ਸਥਿਤ ਨਿੱਕੂ ਪਾਰਕ ਕੋਵਿਡ -19 ਮਹਾਂਮਾਰੀ ਕਾਰਨ ਲਗਭਗ ਇਕ ਸਾਲ ਬੰਦ ਰਹਿਣ ਕਾਰਨ ਸਾਂਭ-ਸੰਭਾਲ ਦੀ ਘਾਟ ਕਰ ਕੇ ਖਸਤਾ ਹਾਲਤ ਵਿੱਚ ਸੀ। ਡਿਪਟੀ ਕਮਿਸ਼ਨਰ ਵੱਲੋਂ ਕੁਝ ਮਹੀਨੇ ਪਹਿਲਾਂ ਪਾਰਕ ਦੀ ਹਾਲਤ ਦਾ ਜਾਇਜ਼ਾ ਲੈਣ ਉਪਰੰਤ 12 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਸੀ। ਉਨ੍ਹਾਂ ਪਾਰਕ ਦੀ ਸ਼ਾਨ ਨੂੰ ਮੁੜ ਬਹਾਲ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਪਾਰਕ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।



# ਗਿਆਨੀ ਬਲਵੰਤ ਸਿੰਘ ਕੋਠਾਗੁਰੂ ਰਚਨਾਵਲੀ ਭਾਗ ਪਹਿਲਾ ਪੁਸਤਕ ਰਿਲੀਜ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਅੱਜ ਸਥਾਨਕ ਸੰਤ ਸੇਵਕ ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਰਚਨਾਵਲੀ ਭਾਗ ਪਹਿਲਾ ਪੁਸਤਕ ਰਿਲੀਜ ਕੀਤੀ ਗਈ। ਸਭ ਤੋਂ ਪਹਿਲਾਂ ਮੁੱਖ ਗ੍ਰੰਥੀ ਬਾਬਾ ਤੇਜਾ ਸਿੰਘ ਵੱਲੋਂ ਅਰਦਾਸ ਕੀਤੀ ਗਈ। ਉਪਰੰਤ ਬਾਬਾ ਕਾਕਾ ਸਿੰਘ ਮੁਖੀ ਬੁੰਗਾ ਮਸਤੂਆਣਾ ਸਾਹਿਬ ਤੇ ਤੇਜਾ ਸਿੰਘ ਵੱਲੋਂ ਸਾਂਝੇ ਤੌਰ 'ਤੇ ਪੁਸਤਕ ਦੀ ਘੁੰਡ ਚੁਕਾਈ ਕੀਤੀ ਗਈ। ਇਸ ਮੌਕੇ ਬੁੰਗਾ ਮਸਤੂਆਣਾ ਸਾਹਿਬ ਦੇ ਮੁੱਖ ਸੰਚਾਲਕ ਬਾਬਾ ਕਾਕਾ ਸਿੰਘ ਨੇ ਸੰਬੋਧਨ ਕਰਦਿਆਂ ਪੁਸਤਕ ਦੀ ਮਹਾਨਤਾ ਬਾਰੇ ਦੱਸਿਆ ਕਿ ਇਹ ਪੁਸਤਕ ਸੱਚਖੰਡ ਵਾਸੀ ਪ੍ਰਸਿੱਧ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੇ ਅਪ੍ਰਕਾਸ਼ਿਤ ਚਾਰ ਲੇਖਾਂ ਦਾ ਸੰਗ੍ਰਹਿ ਹੈ ਜੋ ਰੌਚਿਕ ਅਤੇ ਉਪ ਮਿਆਸ ਸ਼ੈਲੀ ਵਿੱਚ ਲਿਖੇ ਹੋਏ ਹਨ। ਜਿਸ ਨੂੰ ਪੜ੍ਹਨ ਨਾਲ ਸਿੱਖੀ ਦੀ ਪ੍ਰਾਪਤੀ ਹੁੰਦੀ ਹੈ।

ਉਨ੍ਹਾਂ ਪੁਸਤਕ ਦੀ ਸੰਪਾਦਕ ਬੀਬੀ ਜਸਪ੍ਰੀਤ ਕੌਰ ਪਟਿਆਲਾ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਬੀਬਾ ਨੇ ਯੋਗ ਪੁਣ-ਛਾਣ ਕਰਕੇ ਸੰਪਾਦਕੀ ਲਿਖੀ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੇ ਸਪੁੱਤਰ ਤੇ ਇਤਿਹਾਸਕਾਰ ਗਿਆਨੀ ਕੌਰ ਸਿੰਘ ਕੋਠਾਗੁਰੂ ਨੇ ਵੀ ਸਖ਼ਤ ਮਿਹਨਤ ਕਰਕੇ ਪੁਸਤਕ ਨੂੰ ਪ੍ਰਕਾਸ਼ਿਤ ਕਰਵਾਇਆ ਹੈ। ਜੋ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਨੂੰ ਸੱਚੀ-ਸੁੱਚੀ ਸ਼ਰਧਾਜ਼ਲੀ ਹੈ। ਇਸ ਮੌਕੇ ਗਿਆਨੀ ਕੌਰ ਸਿੰਘ ਕੋਠਾਗੁਰੂ ਅਤੇ ਹਰਗੋਬਿੰਦ ਸਿੰਘ ਸ਼ੇਖਪੁਰੀਆ ਨੇ ਵੀ ਇਸ ਪੁਸਤਕ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਰੱਖੇ। ਅਖ਼ੀਰ ਵਿੱਚ ਬਾਬਾ ਕਾਕਾ ਸਿੰਘ ਵੱਲੋਂ ਇਸ ਮੌਕੇ ਪਹੁੰਚੀਆਂ ਸਖਸ਼ੀਅਤਾਂ ਨੂੰ ਸਿਰੋਪਾਓ ਤੇ ਇੱਕ-ਇੱਕ ਪੁਸਤਕ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਪੁਸਤਕ ਰਿਲੀਜ ਸਮਾਗਮ ਮੌਕੇ ਭਾਈ ਸੰਤ ਸਿੰਘ ਸਕੱਤਰ ਬੁੰਗਾ ਮਸਤੂਆਣਾ ਸਾਹਿਬ, ਭਾਈ ਅਵਤਾਰ ਸਿੰਘ ਕੀਰਤਨੀਏ, ਬੀਬੀ ਜਸਪ੍ਰੀਤ ਕੌਰ ਪਟਿਆਲਾ, ਭਾਈ ਸਤਵੰਤ ਸਿੰਘ ਪਟਿਆਲਾ, ਬੀਬੀ ਪ੍ਰਭਜੋਤ ਕੌਰ, ਬਲਵੀਰ ਸਿੰਘ ਸਨੇਹੀ, ਬਾਬਾ ਬੇਅੰਤ ਸਿੰਘ, ਬਾਬਾ ਗਿਆਨ ਸਿੰਘ, ਮਾਸਟਰ ਆਤਮ ਤੇਜ਼ ਸ਼ਰਮਾ ਕੋਠਾਗੁਰੂ, ਹਰਸ਼ਦੀਪ ਸਿੰਘ ਆਦਿ ਸਖਸ਼ੀਅਤਾਂ ਮੌਜੂਦ ਸਨ।

# ਸ਼ਿਵ ਮੰਦਰ ਬਲਟਾਣਾ ਵਿੱਚ ਸੁੰਦਰ ਕਾਂਡ ਦੇ ਪਾਠ ਦਾ ਆਯੋਜਨ



**ਜੀਰਕਪੁਰ/ਰਵੀ ਜੀਰਕਪੁਰ**

ਭਗਵਾਨ ਪਰਸ਼ੁਰਾਮ ਬ੍ਰਾਹਮਣ ਸਭਾ ਜੀਰਕਪੁਰ ਨੇ ਸਮੂਹ ਸਮਾਜ ਭਲਾਈ ਲਈ ਸਿਲ਼ਵ ਮੰਦਰ ਬਲਟਾਣਾ ਵਿਖੇ ਸੁੰਦਰ ਕਾਂਡ ਪਾਠ ਕਰਵਾਇਆ। ਇਸ ਮੌਕੇ ਹਲਕਾ ਵਿਧਾਇਕ ਐਨ ।ਕੇ ।ਸ਼ਰਮਾ ਨੇ ਵਿਸ਼ੇਲ਼ਸ਼ ਤੌਰ 'ਤੇ ਪੁੱਜ ਕੇ ਹਾਜ਼ਰੀ ਭਰੀ। ਸੁੰਦਰ ਕਾਂਡ ਦੇ ਪਾਠ ਦੌਰਾਨ ਬਲਟਾਨਾਂ ਸਮੇਤ ਹੋਰ ਨੇੜਲੇ ਖੇਤਰ ਦੇ ਲੋਕ ਵਲੋਂ ਵਿਸ਼ੇਸ਼ ਰੂਪ ਵਿਚ ਸ਼ਿਰਕਤ ਕੀਤੀ ਗਈ ਅਤੇ ਪਾਠ ਦਾ ਅਨੰਦ ਲਿਆ ਗਿਆ। ਇਸ ਮੌਕੇ ਹਲਕਾ ਵਿਧਾਇਕ ਐਨ ਕੇ ਸ਼ਰਮਾ ਨੇ ਬ੍ਰਾਹਮਣ ਸਭਾ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਮਾਨਵਤਾ ਦੇ ਭਲੇ ਲਈ ਇਸ ਤਰ ਾਂ ਦੇ ਕੰਮਾਂ ਵਿਚ ਸਾਨੂੰ ਸਾਰਿਆਂ ਨੂੰ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ।ਉਨ ਾਂ ਕਿਹਾ ਧਾਰਮਿਕ ਕੰਮਾਂ ਵਿਚ ਰੁਚੀ ਇਨਸਾਨ ਦੇ ਆਚਰਣ ਨੂੰ ਉਪਰ ਚੁੱਕਦੀ ਹੈ।ਉਨ ਾਂ ਕਿਹਾ ਬ੍ਰਾਹਮਣ ਸਭਾ ਜੀਰਕਪੁਰ ਵੱਲੋਂ ਧਾਰਮਿਕ ਅਤੇ ਸਮਾਜ ਭਲਾਈ ਕੰਮਾਂ ਵਿਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ ਜਾਂਦਾ ਹੈ ਜਿਸ ਲਈ ਸਭਾ ਦੇ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ।ਉਨ ਾਂ ਭਵਿੱਖ ਵਿਚ ਬ੍ਰਾਹਮਣ ਸਭਾ ਨੂੰ ਸਮਾਜ ਭਲਾਈ ਕੰਮਾਂ ਲਈ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਵੀ ਦਿਵਾਇਆ।ਇਸ ਮੌਕੇ ਸਭਾ ਦੇ ਪ੍ਰਧਾਨ ਕਮਲ ਸ਼ਰਮਾ ਦੀ ਅਗਵਾਈ ਹੇਠ ਸਮੂਹ ਮੈਂਬਰਾਂ ਵੱਲੋਂ ਐਨ ਕੇ ਸ਼ਰਮਾ ਨੂੰ "ਬ੍ਰਾਹਮਣ ਰਤਨ ਐਵਾਰਡ" ਨਾਲ ਸਨਮਾਨਿਤ ਕੀਤਾ। ਪਾਠ ਦੀ ਸਮਾਪਤੀ ਦੌਰਾਨ ਆਏ ਸ਼ਰਧਾਲੂਆਂ ਨੂੰ ਪ੍ਰਸਾਦ ਵੰਡਿਆ ਗਿਆ ਅਤੇ ਲੰਗਰ ਵਰਤਾਇਆ ਗਿਆ। ਇਸ ਮੌਕੇ ਕ੍ਰਿਸ਼ਨਪਾਲ ਸ਼ਰਮਾ ਸਾਬਕਾ ਚੇਅਰਮੈਨ ਜਿਲ਼ਲਾ ਯੋਜਨਾ ਬੋਰਡ ਮੋਹਾਲੀ, ਕੌਂਸਲਰ ਯਾਦਵਿੰਦਰ ਸ਼ਰਮਾ, ਕੁਲਵਿੰਦਰ ਸਿੰਘ ਸੋਹੀ ਸਾਬਕਾ ਪ੍ਰਧਾਨ ਨਗਰ ਕੌਂਸਲ ਜੀਰਕਪੁਰ, ਮਨਵਿੰਦਰ ਸਿੰਘ ਟੋਨੀ ਰਾਣਾ, ਰਿੰਕੂ ਸ਼ਰਮਾ ਜਨਰਲ ਸਕੱਤਰ, ਪਵਨ ਸ਼ਰਮਾ, ਪ੍ਰਦੀਪ ਸ਼ਰਮਾ, ਅਮਿਤ ਸ਼ਰਮਾ, ਅਸ਼ੋਕ ਸ਼ਰਮਾ, ਵਿਕਰਮ ਸ਼ਰਮਾ, ਅਨਿਲ ਸ਼ਰਮਾ, ਬਲਵਿੰਦਰ ਸ਼ਰਮਾ ਸਮੇਤ ਸਭਾ ਦੇ ਹੋਰ ਮੈਂਬਰ ਹਾਜ਼ਰ ਸਨ।

# ਨਸ਼ੇੜੀ ਤੇ ਕਲਯੁਗੀ ਪੁੱਤ ਨੇ ਪੰਚਾਇਤ ਮੈਂਬਰ ਮਾਂ ਦਾ ਕੀਤਾ ਕਤਲ ਪਿਉ ਗੰਭੀਰ ਜਖਮੀ

**ਬਰਨਾਲਾ/ਰਮਨਦੀਪ ਧਾਲੀਵਾਲ**

ਲੋਕਾਂ ਦੀ ਜੁਬਾਨ ਤੇ ਚੜ੍ਹੇ ਪੰਜਾਬੀ ਗੀਤ " ਦੁੱਧ ਨਾਲ ਪੁੱਤ ਪਾਲ ਕੇ ਫਿਰ ਪਾਣੀ ਨੂੰ ਤਰਸਦੀਆਂ ਮਾਵਾਂ ਤੋਂ ਵੀ ਦੋ ਕਦਮ ਅੱਗੇ ਵੱਧਦਾ ਹੋਇਆ ਇੱਕ ਪੁੱਤ ,ਉਸੇ ਮਾਂ ਦੇ ਖ਼ੂਨ ਦਾ ਤ੍ਰਿਹਾਇਆ ਹੋ ਗਿਆ, ਜਿਸ ਮਾਂ ਦਾ ਦੁੱਧ ਚੁੰਘ ਕੇ ਉਹ ਵੱਡਾ ਹੋਇਆ ਸੀ। ਇਸ ਤਰ੍ਹਾਂ ਦੀ ਵਾਰਦਾਤ ਨੂੰ ਹੰਡਿਆਇਆ ਨੇੜੇਲੇ ਪਿੰਡ ਬੀਕਾ ਸੂਚ ਪੱਤੀ ਵਿੱਚ ਅੰਜਾਮ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਚੈਨ ਸਿੰਘ ਚੈਨਾ ਨਸ਼ੇੜੀ ਕਿਸਮ ਦਾ ਵਿਅਕਤੀ ਹੈ,ਜਿਸਦੀ ਸ਼ਨੀਵਾਰ-ਐਤਵਾਰ ਦੀ ਦਰਮਿਆਨੀ ਰਾਤ ਆਪਣੀ ਪੰਚਾਇਤ ਮੈਂਬਰ ਮਾਂ ਸਿੰਦਰ ਪਾਲ ਕੌਰ ਅਤੇ ਪਿਉ ਜਰਨੈਲ ਸਿੰਘ ਨਾਲ ਲੜਾਈ ਹੋ ਗਈ। ਨਸ਼ੇ ਵਿੱਚ ਧੁੱਤ ਸੁਖਚੈਨ ਸਿੰਘ ਨੇ ਹਥੌੜੇ (ਘਣ ) ਨਾਲ ਆਪਣੀ ਮਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ, ਜਦੋਂ ਕਿ ਬਚਾਅ ਲਈ ਮੂਹਰੇ ਆਏ ਪਿਉ ਨੂੰ ਵੀ ਗੰਭੀਰ ਰੂਪ ਵਿੱਚ ਜਖਮੀ ਕਰ ਦਿੱਤਾ।ਜਿਸ ਨੂੰ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖਿਲ ਕਰਵਾਇਆ ਗਿਆ। ਉੱਧਰ ਦੋਸੀ ਸੁਖਚੈਨ ਸਿੰਘ ਮੌਕੇ ਤੋਂ ਫਰਾਰ ਹੋ ਗਿਆ।ਹੱਤਿਆ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਚੌਕੀ ਹੰਡਿਆਇਆ ਦੇ ਮੁਲਾਜ਼ਮਾਂ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਮੌਰਚਰੀ ਵਿਖੇ ਸੰਭਾਲ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਡੀਐਸਪੀ ਲਖਵੀਰ ਸਿੰਘ ਟਿਵਾਣਾ ਨੇ ਕਿਹਾ ਕਿ ਦੋਸ਼ੀ ਖਿਲਾਫ ਕੇਸ ਦਰਜ ਕਰਨ ਦੀ ਕਵਾਇਦ ਜਾਰੀ ਹੈ,ਛੇਤੀ ਹੀ ਉਸਨੂੰ ਗਿਰਫ਼ਤਾਰ ਕਰ ਲਿਆ ਜਾਵੇਗਾ।




# ਕੇਂਦਰ ਸਰਕਾਰ ਗਰੀਬਾਂ ਦਾ ਕਚੂੰਮਰ ਕੱਢਣ ਤੇ ਤੁਲੀ - ਸੋਹਣ ਲਾਲ



**ਰਾਮਾਂ ਮੰਡੀ/ਅਨਿਲ ਜੈਨ :** ਦਿਨੋ-ਦਿਨ ਵਧ ਰਹੀ ਮਹਿੰਗਾਈ ਅਤੇ ਰੋਜਾਨਾ ਵੱਧ ਰਹੀਆਂ ਤੇਲ ਕੀਮਤਾਂ ਨੇ ਲੋਕਾਂ ਦਾ ਕਚੂੰਮਰ ਕੱਢ ਰਹੀਆਂ ਹਨ ਇਹਨਾਂ ਗੱਲਾਂ ਦਾ ਪ੍ਰਗਟਾਵਾ ਸਮਾਜਸੇਵੀ ਡਾਕਟਰ ਸੋਹਣ ਲਾਲ ਕਲਿਆਣੀ ਨੇ ਇੱਕ ਪ੍ਰੈਸ ਨੋਟ ਰਾਹੀਂ ਕੀਤਾ ।ਉਹਨਾਂ ਕਿਹਾ ਕਿ ਵਧੀਆ ਪਟਰੋਲ, ਡੀਜਲ ਅਤੇ ਗੈਸ ਕੀਮਤਾਂ ਨੇ ਲੋਕਾਂ ਦਾ ਜਿਊਣਾ ਦੁੱਭਰ ਕਰ ਰੱਖਿਆ ਹੈ ਉਥੇ ਹੀ ਕਰੋਨਾ ਦੀ ਆੜ ਵਿੱਚ ਕੇਂਦਰ ਦੀ ਮੋਦੀ ਸਰਕਾਰ ਰੇਲ ਗੱਡੀਆਂ ਦੇ ਭਾੜੇ ਵਧਾ ਕੇ ਲੋਕਾਂ ਦੀ ਲੁੱਟ ਕਰ ਰਹੀ ਹੈ ।ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਉਜਵਲਾ ਯੋਜਨਾ ਦੇ ਤਹਿਤ ਗਰੀਬ ਔਰਤਾ ਨੂੰ ਦਿੱਤੇ ਗਏ ਸਿਲੰਡਰ ਅਤੇ ਚੁੱਲੇ ਵਧੀਆ ਗੈਸ ਕੀਮਤਾਂ ਕਾਰਨ ਹੁਣ ਬੇਕਾਰ ਸਾਬਤ ਹੋ ਰਹੇ ਹਨ ਕਿਉਂਕਿ ਗੈਸ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਕਾਰਨ ਹੁਣ ਮਹਿਲਾਵਾਂ ਖਾਲੀ ਸਿਲੰਡਰ ਖੜਕਾ ਕੇ ਮੋਦੀ ਸਰਕਾਰ ਦਾ ਪਿੱਟ ਸਿਆਪਾ ਕਰ ਰਹੀਆਂ ਹਨ ।ਉਹਨਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਜਲਦੀ ਹੀ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਨਾ ਦਿੱਤੀ ਤਾਂ ਆਉਣ ਵਾਲੇ ਸਮੇਂ ਵਿੱਚ ਬੀਜੇਪੀ ਦਾ ਪੂਰੇ ਦੇਸ ਵਿਚ ਸਫਇਆ ਹੋ ਜਾਵੇਗਾ ।

# ਲੱਦਾਖ ਪਹਾੜੀ ਤੇ ਮਮਦੋਟ ਇਲਾਕੇ ਦੇ ਨੌਜਵਾਨ ਨੇ ਲਹਿਰਾਈ ਖਾਲਸਾਈ ਅਤੇ ਕਿਸਾਨੀ ਤਖਤੀ

## ਪੰਜਾਬੀਅਤ ਅਤੇ ਸਿੱਖ ਕੌਮ ਦਾ ਵਧਾਇਆ ਮਾਣ




**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਫਿਰੋਜ਼ਪੁਰ ਜਿਲ੍ਹੇ ਚ ਸਰਹੱਦੀ ਕਸਬਾ ਮਮਦੋਟ ਦੇ ਨੌਜਵਾਨ ਹਰਪ੍ਰੀਤ ਸਿੰਘ ਹੈਪੀ ਨੇ ਉਹ ਕਰ ਦਿਖਾਇਆ ਜੋ ਰਹਿੰਦੀ ਦੁਨੀਆਂ ਤੱਕ ਇੱਕ ਮਿਸਾਲ ਰਹੇਗਾ ਦੱਸਿਆ ਜਾਦਾ ਹੈ ਕਿ ਨੌਜਵਾਨ ਹਰਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਸਾਹਨ ਕੇ ਮਮਦੋਟ ਵਿਖੇ ਦਾ ਰਹਿਣ ਵਾਲਾ ਨੌਜਵਾਨ ਆਪਣੇ 11ਸਾਥੀਆ ਦੇ ਨਾਲ ਇੱਕ ਮਿਸਨ ਤਹਿਤ ਇੱਕ ਉੱਚੀ ਪਹਾੜੀ ਮਾਊਂਟ ਕੁਨ 7077 ਮੀਟਰ- 23219 ਫੁੱਟ ਲੱਦਾਖ ਤੇ ਚੜਨ ਦਾ ਪ੍ਰੋਗਰਾਮ ਉਲੀਕਿਆ ਸੀ। ਜਿਸ ਮਿਸਨ ਨੂੰ ਪੂਰਾ ਕਰਨ ਲਈ 23 ਅਗਸਤ ਨੂੰ ਪੰਜਾਬ ਤੋ ਆਪਣੇ ਸਾਥੀਆਂ ਸਮੇਤ ਰਵਾਨਾ ਹੋਈਆਂ ਸੀ ਜੋ ਮਾਊਂਟ ਕੁਨ 7077 ਮੀਟਰ 23219ਫੁੱਟ ਲੱਦਾਖ ਦੇ ਸਭ ਤੋਂ ਉੱਚੇ ਦੂਸਰੇ ਨੰਬਰ ਤੇ ਆਉਣ ਵਾਲਾ ਪਹਾੜ ਜਿਹੜਾ ਕੇ ਮਾਊਂਟ ਐਵਰੈਸਟ ਤੋਂ ਕਿਤੇ ਵਧੇਰੇ ਟੈਕਨੀਕਲ ਸੀ। ਇਸਨੂੰ ਫਤਹਿ ਕਰਕੇ ਜਿਥੇ ਪੰਜਾਬੀਅਤ ਅੰਦਰ ਨਵੀਂ ਮਿਸਾਲ ਪੈਦਾ ਕੀਤੀ ਹੈ ਉਥੇ ਹੀ ਸਿੱਖ ਕੋਮ ਦਾ ਧਰਮੀਕ ਚਿੰਨ੍ਹ ਖੰਡਾਂ ਸਾਹਿਬ ਤੇ ਕਿਸਾਨੀ ਨੂੰ ਸਮਰਪਿਤ ਬੋਰਡ ਦੀਆਂ ਤਖਤਿਆ ਹੱਥ ਵਿੱਚ ਫੜ ਕੇ ਸਿੱਖ ਕੋਮ ਦਾ ਮਾਣ ਵਧਾਇਆ ਹੈ । ਇਸ ਸਬੰਧੀ ਉਸ ਨੇ ਆਪਣੇ ਫੇਸਬੁਕ ਪੇਜ ਤੇ ਜਿਕਰ ਕੀਤਾ ਹੈ ਕਿ ਏ ਮੇਰੀ ਜਿੰਦਗੀ ਦਾ ਸੱਭ ਤੋ ਵੱਡਾ ਤੇ ਔਖਾਂ ਟਾਕਸ ਸੀ ਜਿਸ ਵਿੱਚ ਸਾਡੀ 12 ਬੰਦਿਆ ਦੀ ਟੀਮ ਚੋ ਅਸੀ ਸਿਰਫ 4 ਨੌਜਵਾਨ ਇਸਨੂੰ ਫਤਹਿ ਕਰ ਪਾਏ ਹਾਂ ਜਿਸ ਨੂੰ ਅਸੀਂ ਆਪਣੇ ਜੁੱਸੇ ਦੇ ਦਮ ਨਾਲ ਫਤਹਿ ਬੁਲਾਈ ਹੈ ਬਾਕੀ ਕੋਈ ਬਿਮਾਰ ਹੋਣ ਕਰਕੇ, ਮੂੰਹ ਚੋਂ ਖ਼ੂਨ ਆਉਣ ਕਰਕੇ, ਆਕਸੀਜਨ ਘਟ ਹੋਣ ਕਰਕੇ ਤੇ ਕੋਈ ਸੱਟ ਲਗਨ ਕਰਕੇ ਓਹਨਾ ਨੂੰ ਰਸਤੇ ਚੋਂ ਹੀ ਵਾਪਸ ਮੁੜਨਾ ਪਿਆ । ਤੁਹਾਡੇ ਨਾਲ ਵਾਧਾ ਕਰਦਾ ਹਾਂ ਬਹੁਤ ਜਲਦ ਹੀ ਮਾਊਂਟ ਐਵਰੈਸਟ ਦੀ ਚੜਾਈ ,ਓਸਦੀ ਠੰਡ ਤੇ ਓਥੋਂ ਦੇ ਮਾਰੂ ਮੌਸਮ ਨੂੰ ਹਸਦੇ ਹਸਦੇ ਫਤਹਿ ਕਰਾਂਗਾ । ਇਸ ਮੌਕੇ ਹਰਪ੍ਰੀਤ ਨੇ ਸਮੂਹ ਪੰਜਾਬ ਤੇ ਇਲਾਕਾ ਨਿਵਾਸੀਆਂ ਦਾ ਅਸ਼ੀਰਵਾਦ ਮੰਗਿਆ ।

# ਨੈਣਾਂ ਦੇਵੀ ਮੰਦਰ ਸੁਨਾਮ ਤੋਂ ਝੰਡਾ ਯਾਤਰਾ ਕੱਢੀ ਗਈ

## ਨੈਣਾਂ ਦੇਵੀ ਹਿਮਾਚਲ ਦਰਬਾਰ ਵਿਖੇ ਚੜ੍ਹਾਇਆ ਗਿਆ ਝੰਡਾ

**ਸੁਨਾਮ ਊਧਮ ਸਿੰਘ ਵਾਲਾ/ਵਰਮਾ**

ਸਥਾਨਕ ਸ਼੍ਰੀ ਨੈਣਾਂ ਦੇਵੀ ਮੰਦਰ ਤੋਂ ਸ਼ਨੀਵਾਰ ਨੂੰ ਝੰਡਾ ਯਾਤਰਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਕੱਢੀ ਗਈ। ਇਸ ਯਾਤਰਾ ਵਿਚ ਸ਼ਰਧਾਲੂਆਂ ਅਤੇ ਮੰਦਰ ਕਮੇਟੀ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਨੈਣਾਂ ਦੇਵੀ ਭਜਨ ਮੰਡਲੀ ਦੇ ਮੈਂਬਰਾਂ ਵੱਲੋਂ ਮਾਤਾ ਦੀਆਂ ਭੇਟਾਂ ਗਾ ਕੇ ਮਾਹੌਲ ਭਗਤੀਮਈ ਬਣਾ ਦਿੱਤਾ। ਸ਼ਹਿਰ ਵਿਚ ਜਗ੍ਹਾਂ-ਜਗ੍ਹਾਂ ਤੇ ਝੰਡਾ ਯਾਤਰਾ ਦਾ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨੈਣਾਂ ਦੇਵੀ ਮੰਦਰ ਕਮੇਟੀ ਦੇ ਪ੍ਰਧਾਨ ਪ੍ਰਵੀਨ ਕੁਮਾਰ ਬਿੱਟੂ ਨੇ ਦੱਸਿਆ ਕਿ ਹਰ ਸਾਲ ਸ਼ਹਿਰ ਵਿਚ ਝੰਡਾ ਯਾਤਰਾ ਕੱਢੀ ਜਾਂਦੀ ਹੈ ਉਨ੍ਹਾਂ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ਨੀਵਾਰ ਰਾਤ ਨੂੰ 3 ਬੱਸਾਂ ਸ਼ਰਧਾਲੂਆਂ ਨੂੰ ਲੈ ਕੇ ਹਿਮਾਚਲ ਪ੍ਰਦੇਸ਼ ਵਿਖੇ ਸਥਿਤ ਮਾਤਾ ਨੈਣਾਂ ਦੇਵੀ ਮੰਦਰ ਲਈ ਰਵਾਨਾ ਹੋਈਆਂ। ਜਿੱਥੇ ਐਤਵਾਰ ਨੂੰ ਮਾਤਾ ਨੈਣਾਂ ਦੇਵੀ ਦਰਬਾਰ ਤੇ ਮੰਦਿਰ ਕਮੇਟੀ ਦੇ ਮੈਂਬਰਾਂ ਅਤੇ ਸ਼ਰਧਾਲੂਆਂ ਨੇ ਪੂਰੀ ਸ਼ਰਧਾ ਅਤੇ ਵਿਧੀ ਅਨੁਸਾਰ ਝੰਡਾ ਚੜ੍ਹਾਇਆ । ਇਸ ਮੌਕੇ ਭਜਨ ਮੰਡਲੀ ਦੇ ਮੈਂਬਰਾਂ ਨੇ ਮਾਤਾ ਦੀਆਂ ਭੇਟਾਂ ਗਾ ਕੇ ਭਗਤਾਂ ਦਾ ਮਨ ਮੋਹ ਲਿਆ। ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸੈਕਟਰੀ ਰਾਕੇਸ਼ ਕੁਮਾਰ, ਖਜਾਨਚੀ ਰਾਜਿੰਦਰ ਕੁਮਾਰ, ਮੈਂਬਰ ਪ੍ਰਵੀਨ ਕੁਮਾਰ ਬਿੱਟੂ, ਅਸ਼ੋਕ ਕਾਂਸਲ, ਰਾਜੇਸ਼ ਗਰਗ, ਪਿੰਟੂ, ਕਾਲਾ, ਰਿੰਕੂ, ਸ਼ਿਸ਼ੂ ਭਾਰਤ ਅਤੇ ਵੱਡੀ ਗਿਣਤੀ ਵਿੱਚ ਹੋਰ ਸ਼ਰਧਾਲੂ ਵੀ ਹਾਜ਼ਰ ਸਨ।





# ਲੀਡਰ ਜੋ ਹੁਣ ਚੋਣਾਂ ਲੜ ਜਾਣਗੇ

ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।
ਹਾਰੇ ਹੋਏ ਜੋ ਮਾਤਮ ਮਨਾਉਣਗੇ,
ਜਿੱਤਣ ਵਾਲੇ ਤਾਂ ਦੀਵਾਲੀ ਮਨਾਉਣਗੇ।।

ਸਰਕਾਰ ਬਣਾਉਣਾ ਵੀ ਬੜਾ ਔਖਾ,
ਕਿਤੇ ਕੋਈ ਆਪਣਾ ਨਾ ਦੇ ਜਾਵੇ ਧੋਖਾ।
ਭੱਜਣ ਨੂੰ ਫਿਰਦਾ ਕੋਈ ਦੇਖ ਕੇ ਮੌਕਾ,
ਲੀਡਰ ਵੀ ਸਭ ਫੇਰ ਮਾਰ ਕੇ ਹੌਕਾ,
ਗੱਡੀਆਂ ਡੱਕ ਕੇ ਦੂਰ ਕਿਤੇ ਲੈ ਜਾਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।

ਕਰਕੇ ਕਿੱਡਨੈਪ ਆਪਣੇ ਹੀ ਬੰਦਿਆਂ ਨੂੰ,
ਛੱਡ ਆਪਣੇ ਬੇਗਾਨੇ ਸਾਰੇ ਧੰਦਿਆਂ ਨੂੰ।
ਡੱਕ ਕੇ ਅੰਦਰ ਛਿੰਦਿਆਂ ਮਿੰਦਿਆਂ ਨੂੰ,
ਕਿਸੇ ਹੋਟਲ ਵਿੱਚ ਲਾ ਕੇ ਬਾਹਰੋਂ ਜਿੰਦਿਆਂ ਨੂੰ।
ਨੋਟਾਂ ਤੇ ਕੁਰਸੀ ਦੀ ਵੰਡੀ ਫੇਰ ਪਾਉਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।

ਛਿੱਕੇ ਟੰਗ ਕੇ ਸੰਵਿਧਾਨ ਦੇ ਕਾਨੂੰਨ ਸਾਰੇ,
ਸਾਡੀ ਸਰਕਾਰ ਜਿੰਦਾਬਾਦ ਦੇ ਲਾਉਣ ਨਾਅਰੇ।
ਜਨਤਾ ਵੀ ਰਹੀ ਦੇਖਦੀ ਲੀਡਰ ਕੀ ਕਰਦੇ ਕਾਰੇ,
ਪੰਜ ਸਾਲ ਹੁਣ ਜਿੰਦ ਸਾਡੀ ਬੱਸ ਸਰਕਾਰ ਸਹਾਰੇ।
ਬਣਾ ਕੇ ਸਰਕਾਰ ਆਪਣੀ ਜਨਤਾ ਦੀ ਡਫਲੀ ਬਜਾਉਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।

ਲੋਕੀ ਕਹਿੰਦੇ ਫੇਰ ਤੇਜ ਭ੍ਰਿਸਟਾਚਾਰ ਹੋਊ,
ਹੋਣਾ ਤਾਂ ਏਹੋ ਭਾਈ ਜੇ ਰੰਗ ਬਿਰੰਗੀ ਸਰਕਾਰ ਹੋਊ।
ਸਵਾਦ ਤਾਂ ਲੈਣਗੇ ਸਾਰੇ ਜਦੋਂ ਪਚਰੰਗਾ ਅਚਾਰ ਹੋਉ,
ਗਠਬੰਧਨ ਵਿੱਚ ਭਾਵੇਂ ਰੋਜ ਤਕਰਾਰ ਹੋਉ।
ਤੁਹਾਡਾ ਕੀ ਹੋਣਾ ਲੀਡਰ ਪੌੜੀ ਤਰੱਕੀ ਦੀ ਚੜ ਜਾਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।

ਗੱਲ ਫੇਰ ਵੀ ਇੱਕ ਦੂਜੇ ਦੀ ਜਰ ਜਾਣਗੇ,
ਲੀਡਰ ਨੇ ਭਾਈ ਬਿਨਾਂ ਕੁਰਸੀ ਦੇ ਮਰ ਜਾਣਗੇ।
ਬੈਠ ਕੇ ਕੁਰਸੀ ਤੇ ਭਵਸਾਗਰ ਤਰ ਜਾਣਗੇ,
ਜੇ ਨਾ ਮਿਲੀ ਕੁਰਸੀ ਕਿਤੇ ਐਵੇਂ ਲੜ ਜਾਣਗੇ।
ਮਾਰ ਕੇ ਤਾਅਨਾ ਵੀ ਲੋਕਤੰਤਰ ਦੀ ਜੈ ਕਹਿ ਜਾਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।
ਲੋਕਤੰਤਰ ਵਿੱਚ ਲੀਡਰ ਦੀ ਗੁੱਡੀ ਚੜ੍ਹੀ ਰਹਿੰਦੀ ਏ,
ਜਾਵੇ ਜਿੱਥੇ ਮਰਜੀ ਭਾਵੇਂ ਗੱਡੀ ਖੜ੍ਹੀ ਰਹਿੰਦੀ ਏ।
ਲੱਗ ਲੀਡਰਾਂ ਦੇ ਮਗਰ ਜਨਤਾ ਐਵੇਂ ਲੜੀ ਰਹਿੰਦੀ ਏ,
ਹਰ ਛਿਮਾਹੀ ਪਿੱਛੋਂ ਬੱਸ ਵੋਟਰ ਕਾਰਡ ਫੜੀ ਰਹਿੰਦੀ ਏ।
ਤੁਹਾਡੇ ਕਾਰਨ ਹੀ ਤਾਂ ਲੀਡਰਾਂ ਦੇ ਘਰ ਭਰ ਜਾਣਗੇ,
ਲੀਡਰ ਜੋ ਹੁਣ ਚੋਣਾਂ ਲੜ ਜਾਣਗੇ,
ਕੁਝ ਝੜ ਜਾਣਗੇ ਕੁਝ ਬਣ ਜਾਣਗੇ।।



**ਰਤਨ ਦੇਵ ਵਰਮਾ**
**ਜਿਲ੍ਹਾ ਇੰਚਾਰਜ,**
**ਲੋਕਬਾਣੀ, ਸੰਗਰੂਰ।**
84376-68867

# ਸ੍ਰੀ ਅਮਨ ਅਰੋੜਾ ਜੀ ਨੂੰ ਨੈਸਨਲ ਕੌਸਲ ਦੇ ਮੈਂਬਰ ਬਣਨ ਤੇ ਵਧਾਈਆਂ ਦਿੱਤੀਆਂ ਤੇ ਕਈ ਜਮੀਨ ਮੁਦਿਆਂ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ : ਔਲਖ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**



ਹਲਕਾ ਖਡੂਰ ਸਾਹਿਬ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ ਨੇ ਕਿਸਾਨੀ ਮਸਲਿਆਂ ਸਬੰਧੀ ਲੋਕਾਂ ਦੀਆਂ ਮੁਸਕਲਾਂ ਨੂੰ ਅਮਨ ਅਰੋੜਾ ਜੀ ਦੇ ਨਾਲ ਸਾਂਝੀਆਂ ਕੀਤੀਆਂ ਇਸ ਮੌਕੇ ਗੁਰਸੇਵਕ ਸਿੰਘ ਨੇ ਬੀਤੇ ਦਿਨਾਂ ਤੋਂ ਕਰਨਾਲ ਦੀ ਦਾਣਾ ਮੰਡੀ 'ਚ ਲੱਗੇ ਕਿਸਾਨੀ ਸੰਘਰਸ ਬਾਰੇ ਗੱਲ ਕੀਤੀ ਤੇ ਆਮ ਆਦਮੀ ਪਾਰਟੀ ਨੇ ਸੁਰੂ ਤੋਂ ਇਹਨਾਂ ਕਾਲੇ ਕਾਨੂੰਨਾਂ ਦਾ ਵਿਰੋਧ ਕਰਦੇ ਹਾਂ ਅਤੇ ਜਦੋਂ ਤੱਕ ਇਹ ਕਾਲੇ ਕਾਨੂੰਨ ਰੱਦ ਨਹੀਂ ਹੁੰਦੇ ਅਸੀਂ ਕਿਸਾਨਾਂ ਦੇ ਨਾਲ ਚਟਾਨ ਵਾਂਗੂ ਮੋਢੇ ਦੇ ਨਾਲ ਮੋਢਾ ਲਾ ਕੇ ਖੜਾਗੇ ਅਤੇ ਲੋਕ ਨੇ ਵੀ ਇਸ ਵਾਰ ਇਨ੍ਹਾਂ ਸਾਰੀਆਂ ਝੂਠੀ ਬੇਵਿਸਵਾਸੀ ਸਿਆਸੀ ਪਾਰਟੀਆਂ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਪਾਰਟੀ ਨੂੰ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਚ ਲੋਕਾਂ ਨੇ ਤਾਂ ਮੂੰਹ ਲਾਉਣ ਦੀ ਗੱਲ ਤਾਂ ਦੂਰ ਇਨ੍ਹਾਂ ਨੂੰ ਪਿੰਡਾਂ ਚ ਲੋਕਾਂ ਨੇ ਵੜਨ ਤੱਕ ਨਹੀਂ ਦੇਣਾ ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਭੂਮਿਕਾ ਵਿਚ ਦੇਸ ਨੂੰ ਪ੍ਰਭੁਸੱਤਾ ਸੰਪਨ ਤੇ ਧਰਮ ਨਿਰਪੱਖ ਲੋਕਤੰਤਰ ਐਲਾਨਿਆ ਗਿਆ ਹੈ ਮਤਲਬ ਕਿ ਦੇਸ ਦਾ ਕੋਈ ਵੀ ਵਿਅਕਤੀ ਸਾਤਮਈ ਧਰਨਾ ਅੰਦੋਲਨ ਦੁਆਰਾ ਆਪਣੇ ਵਿਚਾਰ ਪਰਗਟ ਕਰਨ ਦੀ ਸੰਪੂਰਨ ਆਜਾਦੀ ਰੱਖਦਾ ਹੈ ਪਰ ਕਿ ਅਜਿਹਾ ਹੋ ਰਿਹਾ ਹੈ ਕਿਸਾਨਾਂ ਦੇ ਧਰਨੇ ਇਕ ਸਾਲ ਦੇ ਨੇੜੇ ਹੋ ਰਹੇ ਹਨ ਪਰ ਫਿਰ ਵੀ ਸਰਕਾਰ ਦੀ ਸਿਹਤ ਤੇ ਕੋਈ ਅਸਰ ਨਹੀ ਸਗੋਂ ਕਿਸਾਨਾਂ ਉੱਤੇ ਡਾਂਗਾਂ ਵਰਸਾਈਆਂ ਜਾ ਰਹੀਆਂ ਹਨ ਵਾਟਰ ਟੈਂਕ ਬੌਛਾਰਾਂ ਲਾਠੀਚਾਰਜ ਆਸੂ ਗੋਲੇ ਫਾਇਰ ਕੀਤੇ ਜਾ ਰਹੇ ਹਨ ਜੋ ਬਿਲਕੁੱਲ ਲੋਕਤੰਤਰੀ ਕਦਰਾਂ ਕੀਮਤਾਂ ਦੇ ਉਲਟ ਹੈ ਗੁਰਸੇਵਕ ਸਿੰਘ ਔਲਖ ਨੇ ਕਿਹਾ ਅਸਲ ਵਿਚ ਜਦੋਂ ਦਾ ਦੇਸ ਅਜਾਦ ਹੋਇਆ ਹੈ ਓਦੋ ਤੋ ਹੀ ਆਜਾਦੀ ਦਾ ਨਿੱਘ ਵੱਡੇ ਘਰਾਣਿਆਂ ਤੇ ਧੰਨਕੁਬੇਰਾਂ ਨੇ ਹੀ ਮਾਣਿਆ ਹੈ ਤੇ ਕਿਹਾ ਕਿ ਦੇਸ ਨੂੰ ਅੰਗਰੇਜ ਸਾਮਰਾਜ ਤੋਂ ਆਜਾਦ ਕਰਾਉਣ ਲਈ ਮਹਾਨ ਕੁਰਬਾਨੀਆਂ ਦਾ ਪੰਜਾਬ ਦਾ ਇਤਿਹਾਸ ਹੀ ਨਹੀਂ ਸੀ ਸਗੋਂ ਇਸ ਨੂੰ ਨਿਰੋਏ ਤੇ ਬਿਹਤਰ ਸਮਾਜ ਦੀ ਸਿਰਜਨਾ ਕਰਨਾ ਸੀ ਪਰ ਦੇਸ ਦੇ ਹੁਕਮਰਾਨਾਂ, ਧੰਨਕੁਬੇਰਾਂ ਤੇ ਅਜਰਾਏਦਾਰਾਂ ਨੇ ਲੋਕਾਂ ਦੀ ਸੰਪੱਤੀ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਲਿਆ ਹੈ ਉਨ੍ਹਾਂ ਦੋਸ ਲਾਇਆ ਕਿ ਪ੍ਰਧਾਨ ਮੰਤਰੀ ਦੇਸ ਨੂੰ ਡਿਜੀਟਲ ਬਣਾਉਣ ਦੇ ਲੋਕਾਂ ਨੂੰ ਸੁਪਨੇ ਖੁਆਬ ਦਿਖਾ ਰਹੇ ਹਨ ਪਰ ਖੇਤੀ ਵਿਗਿਆਨੀਆਂ ਤੇ ਬਾਹਰਲੇ ਮੁਲਕਾਂ ਦੇ ਮਾਹਿਰਾ ਦੇ ਸਰਵੇਅ ਮੁਤਾਬਕ 40 ਤੋਂ 50 ਕਰੋੜ ਲੋਕ ਭੁੱਖੇ ਪੇਟ ਸੌਂਦੇ ਹਨ ਅਜਿਹੇ ਉਪਕਰਨਾਂ ਦਾ ਲੋਕਾਂ ਨੇ ਕੀ ਕਰਨਾ ਹੈ ਜਿਹੜੇ ਦੇਸ ਵਿਚ ਰੋਟੀ ਹੀ ਖਾਣ ਨੂੰ ਨਾ ਨਸੀਬ ਹੁੰਦੀ ਹੋਵੇ ਦੇਸ ਦੀ ਜਨਤਾ ਵੱਡੀ ਤ੍ਰਾਸਦੀ ਹੈ ਅਤੇ ਦੁਖਾਂਤਾਂ ਨਾਲ ਘਿਰੀ ਹੈ ਇਸ ਦੇ ਕਈ ਕਾਰਨ ਹਨ ਬੇਰੁਜਗਾਰੀ ਅਨਪੜ੍ਹਤਾ ਅਗਿਆਨਤਾ ਭੁੱਖਮਰੀ ਕੁਪੋਸਣ ਨਸਾ ਮਹਿੰਗਾਈ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਬਹੁਤਾਤ ਚ ਘਾਟ ਆਦਿ ਮਾਮਲੇ ਹਨ ਜਿਨ੍ਹਾਂ ਤੋਂ ਲੋਕ ਆਪਣੇ ਆਪ ਜੂਝ ਰਹੇ ਹਨ ਤਾਂ ਫਿਰ ਸਰਕਾਰਾਂ ਦਾ ਕੀ ਕੰਮ ਹੈ ਜੋ ਕਰੋੜਾਂ ਅਰਬਾਂ ਦੇ ਖਰਚੇ ਖਰਚ ਕਰ ਰਹੇ ਹਨ ਗੁਰਸੇਵਕ ਸਿੰਘ ਔਲਖ ਨੇ ਨਾਲ ਹੀ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਨੂੰ ਵੀ ਸਵਾਲ ਕੀਤੇ ਕਿ ਤੁਸੀ ਪੌਣੇ ਪੰਜ ਸਾਲਾਂ ਚ ਪੰਜਾਬ ਕੀ ਕੀਤਾ ਹੈ ਸਿਵਾਏ ਝੂਠ ਬੋਲਣ ਝੂਠੀਆਂ ਸੌਹਾਂ ਖਾਣ ਅਤੇ ਬਾਦਲਾਂ ਦਾ ਸਾਥ ਦੇਣ ਤੋਂ ਸਿਵਾਏ ਕੀ ਕੀਤਾ ਹੈ ਇਸ ਵਾਰ ਕਾਂਗਰਸ ਅਤੇ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਸੱਤਾ ਵਿਚ ਆਉਣ ਦਾ ਵੀਚਾਰ ਤਾਂ ਭੁੱਲ ਹੀ ਜਾਣਗੇ ਕਿਉਂਕਿ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਸੁਕ ਹਨ ਕਿਉਂਕਿ ਜੋ ਅਰਵਿੰਦ ਕੇਜਰੀਵਾਲ ਜੀ ਨੇ ਦਿੱਲੀ ਵਿੱਚ ਕੰਮ ਕੀਤੇ ਹਨ ਉਸ ਦੇ ਅਧਾਰ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਅਤੇ ਸਰਕਾਰ ਬਣਦੇ ਹੀ ਸਾਰ ਜੌ ਲੋਕਾ ਨਾਲ ਅਸੀ ਵਾਧੇ ਕੀਤੇ ਸੀ ਅਸੀ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਪੂਰੇ ਕਰਾਗੇ ਅਤੇ ਘਰ ਘਰ ਰੋਜਗਾਰ ਦਿਆਗੇ।

# ਪੰਜਾਬੀ ਯੂਨੀਵਰਸਿਟੀ ਦੱਖਣੀ ਕੈਂਪਸ ਤਲਵੰਡੀ ਸਾਬੋ ਵਿਖੇ ਮਨਾਇਆ ਅਵਤਾਰ ਪਾਸ਼ ਦਾ ਜਨਮ ਦਿਹਾੜਾ

## ਪ੍ਰਧਾਨਗੀ ਕੈਂਪਸ ਡਾਇਰੈਕਟਰ ਗੁਰਸ਼ਰਨ ਸਿੰਘ ਰੰਧਾਵਾ ਨੇ ਕੀਤੀ





**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੱਖਣੀ ਕੈਂਪਸ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੁਆਰਾ ਜੁਝਾਰਵਾਦੀ ਕਵੀ ਅਵਤਾਰ ਪਾਸ਼ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੈਂਪਸ ਡਾਇਰੈਕਟਰ ਗੁਰਸ਼ਰਨ ਸਿੰਘ ਰੰਧਾਵਾ ਨੇ ਕੀਤੀ। ਇਸ ਮੌਕੇ ਤੇ ਲੋਕਪੱਖੀ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਨੇ ਕੰਵਲ ਪਾਸ਼ ਦੇ ਸਾਹਿਤ ਸਰੋਕਾਰ ਵਿੱਚ ਪੰਜਾਬੀ ਪਿੰਡ ਦੀ ਹਸਤੀ ਵਿਸ਼ੇ ਤੇ ਭਾਸ਼ਣ ਦਿੱਤਾ। ਇਹ ਭਾਸ਼ਣ ਪ੍ਰਸਿੱਧ ਵਿਦਵਾਨ ਅਤੇ ਦਰਸ਼ਨ ਸ਼ਾਸਤਰੀ ਰੇਮੰਡ ਵਿਲੀਅਮਜ਼ ਦੇ ਜਨਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕੀਤਾ ਗਿਆ। ਆਪਣੇ ਭਾਸ਼ਣ ਵਿੱਚ ਡਾ. ਸਿੱਧੂ ਨੇ ਲੋਕਪੱਖੀ ਲੇਖਕਾਂ ਅਤੇ ਵਿਚਾਰਕਾਂ ਦੀ ਪਿੰਡ ਪ੍ਰਤੀ ਸਮਝ ਦਾ ਜ਼ਿਕਰ ਕੀਤਾ ਤੇ ਉਹਨਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਪਾਸ਼, ਰੇਮੰਡ ਅਤੇ ਜਸਵੰਤ ਕੰਵਲ ਤਿੰਨੋ ਹੀ ਸਧਾਰਨ ਪਰਿਵਾਰਾਂ ਵਿੱਚ ਜਨਮ ਲੈ ਕੇ ਲੋਕਾਈ ਦੀ ਬੇਹਤਰੀ ਲਈ ਆਪਣਾ ਬਣਦਾ ਯੋਗਦਾਨ ਪਾਉਦੇ ਰਹੇ। ਭਾਸ਼ਣ ਤੋਂ ਬਾਅਦ ਭਰਵੀਂ ਵਿਚਾਰ ਚਰਚਾ ਅਤੇ ਸਵਾਲ ਜਵਾਬ ਹੋਏ। ਡਾ. ਬਲਦੇਵ ਸਿੰਘ ਨੇ ਵਿਚਾਰ ਚਰਚਾ ਦੀ ਸ਼ੁਰੂਆਤ ਕੀਤੀ ਅਤੇ ਡਾ. ਅਮਨਦੀਪ ਸਿੰਘ ਮੁਖੀ, ਸੋਸ਼ਲ ਸਾਇੰਸਜ਼ ਵਿਭਾਗ ਨੇ ਸਵਾਲਾਂ ਦੀ ਲੜੀ ਨੂੰ ਅੱਗੇ ਤੋਰਿਆ। ਕੈਂਪਸ ਡਾਇਰੈਕਟਰ ਨੇ ਪਾਸ਼ ਬਾਰੇ ਆਪਣੇ ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕੀਤਾ ਅਤੇ ਪਾਸ਼ ਨਾਲ ਜੁੜੀਆਂ ਯਾਦਾਂ ਰਾਹੀਂ ਪਾਸ਼ ਦੀ ਵਿਚਾਰਧਾਰਾ ਅਤੇ ਲਿਖਤਾਂ ਬਾਰੇ ਦੱਸਿਆ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਦਾ ਯਕੀਨ ਦਿਵਾਇਆ। ਡਾ. ਸੰਦੀਪ ਰਾਣਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਡਾ. ਭਾਵਨਾ ਸ਼ਰਮਾ, ਡਾ. ਮਨਮਿੰਦਰ ਕੌਰ, ਡਾ. ਵੀਰਪਾਲ ਕੌਰ, ਸ਼੍ਰੀਮਤੀ ਦੀਪਕ ਗਿਰਧਰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਅੰਤ ਵਿੱਚ ਡਾ. ਸੁਸ਼ੀਲ ਕੁਮਾਰ ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਸਾਰੇ ਬੁਲਾਰਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## ਐਸਡੀਐਮ ਕੰਪਲੈਕਸ ਸਾਹ ਸਿਕੰਦਰ ਨੇੜੇ ਬਣਾਇਆ ਜਾਵੇਗਾ, ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ : ਅਸ਼ੋਕ ਚੌਧਰੀ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸੀਨੀਅਰ ਕਾਂਗਰਸੀ ਨੇਤਾ ਅਸੋਕ ਚੌਧਰੀ ਨੇ ਕਿਹਾ ਹੈ ਕਿ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੀ ਸਿਰਫ ਇੱਕ ਹੀ ਸੋਚ ਹੈ ਕਿ ਦੀਨਾਨਗਰ ਵਿਧਾਨ ਸਭਾ ਹਲਕੇ ਨੂੰ ਵੱਧ ਤੋਂ ਵੱਧ ਵਿਕਾਸ ਕਰਨਾ ਚਾਹੀਦਾ ਹੈ। ਇਸ ਲਈ ਕੈਬਨਿਟ ਮੰਤਰੀ ਅਣਥੱਕ ਮਿਹਨਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜ ਆਪਣੇ ਆਖਰੀ ਪੜਾਅ ਵਿੱਚ ਹਨ ਅਤੇ ਲੋਕਾਂ ਨਾਲ ਕੀਤੇ ਚੋਣ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਇਹ ਵਿਚਾਰ ਸੀਨੀਅਰ



ਕਾਂਗਰਸੀ ਆਗੂ ਅਸ਼ੋਕ ਚੌਧਰੀ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੇ। ਅਸ਼ੋਕ ਚੌਧਰੀ ਨੇ ਕਿਹਾ ਕਿ ਰੇਲਵੇ ਓਵਰ ਬ੍ਰਿਜ, ਸੀਵਰੇਜ, ਸੜਕਾਂ ਦੇ ਨਿਰਮਾਣ ਦਾ ਕੰਮ ਅੰਤਿਮ ਪੜਾਅ ਵਿੱਚ ਹੈ ਅਤੇ ਜਲਦੀ ਹੀ ਐਸਡੀਐਮ ਕੰਪਲੈਕਸ ਦਾ ਕੰਮ ਵੀ ਸੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਐਸਡੀਐਮ ਕੰਪਲੈਕਸ ਦੇ ਨਿਰਮਾਣ ਲਈ ਸਾਹ ਸਿਕੰਦਰ ਦੇ ਨੇੜੇ 1.2 ਏਕੜ ਜਮੀਨ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਐਸਡੀਐਮ ਕੰਪਲੈਕਸ ਬਣਾਉਣ ਵਾਲੀ ਜਗ੍ਹਾ ਨੂੰ ਤਕਨੀਕੀ ਖਰਾਬੀ ਕਾਰਨ ਬਦਲਣਾ ਪਿਆ ਹੈ। ਉਨ੍ਹਾਂ ਕਿਹਾ ਕਿ ਐਸਡੀਐਮ ਕੰਪਲੈਕਸ ਦੇ ਨਿਰਮਾਣ ਲਈ 4 ਥਾਵਾਂ ਦੀ ਸਨਾਖਤ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਸਾਹ ਸਿਕੰਦਰ ਦੇ ਨੇੜੇ ਕੋਹਲੀਆਂ ਰੋਡ ਰੇਲਵੇ ਫਾਟਕ ਦੇ ਨੇੜੇ ਵਾਲੀ ਜਗ੍ਹਾ ਲਈ ਮਨਜੂਰੀ ਮਿਲ ਚੁੱਕੀ ਹੈ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅੱਜ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ ਵਿਆਹ ਪੁਰਬ ਮੌਕੇ ਮਿਊਂਸਪਲ ਦੀ ਹਦੂਦ ਅੰਦਰ ਡਰਾਈ ਡੇਅ ਘੋਸ਼ਿਤ

**ਗੁਰਦਾਸਪੁਰ -ਨਵਨੀਤ ਕੁਮਾਰ ਜਨਾਬ ਮੁਹੰਮਦ**

ਇਸ਼ਫਾਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਜ ਬਟਾਲਾ ਸ਼ਹਿਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ ਵਿਆਹ ਪੁਰਬ ਤਹਿਤ ਬਟਾਲਾ ਮਿਊਂਸਪਲ ਦੀ ਹਦੂਦ ਅੰਦਰ ਧਾਰਮਿਕ ਸਮਾਗਮ ਦੌਰਾਨ ਡਰਾਈ ਡੇਅ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਇਹ ਹੁਕਮ ਕੀਤਾ ਜਾਂਦਾ ਹੈ ਕਿ ਬਟਾਲਾ ਸ਼ਹਿਰ ਦੀ ਕਮੇਟੀ ਦੀ ਹਦੂਦ ਅੰਦਰ ਦੇਸ਼ੀ , ਅੰਗਰੇਜ਼ੀ ਸ਼ਰਾਬ ਦੇ ਠੇਕੇ ਬੰਦ ਰਹਿਣਗੇ ਅਤੇ ਕੋਈ ਵੀ ਵਿਅਕਤੀ ਇਸ ਦੀ ਵਿਕਰੀ ਅਤੇ ਸਟੋਰੇਜ਼ ਨਹੀਂ ਕਰੇਗਾ । ਇਸ ਤੋਂ ਇਲਾਵਾ ਬਟਾਲਾ ਸ਼ਹਿਰ ਅੰਦਰ ਸਲਾਟਰ ਹਾਊਸ ਬੰਦ ਰਹਿਣਗੇ ਅਤੇ ਮੀਟ/ਆਂਡੇ ਦੀਆਂ ਦੁਕਾਨਾਂ , ਰੇਹੜੀਆ ਆਦਿ ਤੇ ਮੀਟ/ਆਂਡੇ ਦੀ ਵਿਕਰੀ ਆਦਿ ਤੇ ਪੂਰਨ ਤੌਰ ਤੇ ਪਾਬੰਦੀ ਰਹੇਗੀ । ਇਸ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਇੱਕਠੀਆਂ ਹੋਣ ਵਾਲੀਆਂ ਸੰਗਤਾਂ ਦੇ ਜਾਨ ਦੀ



ਸੁਰੱਖਿਆ ਅਤੇ ਅਮਨ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਕਿ ਇਸ ਪਵਿੱਤਰ ਦਿਹਾੜੇ ਤੇ ਸ਼ਰਾਬ ਦੀ ਵਿਕਰੀ ਨਾ ਹੋਵੇ । ਇਸ ਲਈ ਬਟਾਲਾ ਸ਼ਹਿਰ ਦੀ ਹਦੂਦ ਅੰਦਰ ਸ਼ਰਾਬ ਦੀ ਵਿਕਰੀ ਅਤੇ ਸਟੋਰਜ਼ ਤੇ ਪਾਬੰਦੀ ਲਗਾਈ ਜਾਦੀ ਹੈ ।

## ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 7830 ਸੈਂਪਲ ਲਏ -ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.57% ਹੋਈ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 7830 ਸੈਂਪਲ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87506 ਮਰੀਜ਼ਾਂ ਵਿਚੋਂ 97.57% (85381 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 7830 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 27 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85381 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 9 ਮਰੀਜ਼ (ਜੋਕਿ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਹਨ) ਪੋਜ਼ਟਿਵ ਪਾਏ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2378732 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2279558 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87506 ਹੈ, ਜਦਕਿ 11668 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2098 ਅਤੇ 1049 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

## ਅਰੁਣਾ ਚੌਧਰੀ ਵੱਲੋਂ ਕਰਵਾਏ ਵਿਕਾਸ ਕਾਰਨ,2022 ਵਿੱਚ ਕਾਂਗਰਸ ਦੀ ਹੂੰਝਾ ਫੇਰ ਹੋਵੇਗੀ ਜਿੱਤ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਣਾ ਚੌਧਰੀ ਅਤੇ ਸੀਨੀਅਰ ਕਾਗਰਸੀ ਆਗੂ ਅਸੋਕ ਚੌਧਰੀ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਵਿੱਚ ਬਿੰਨ੍ਹਾ ਕਿਸੇ ਪੱਖਪਾਤ ਦੇ ਹਰ ਪਿੰਡ ਰਿਕਾਰਡਤੋੜ ਵਿਕਾਸ ਕਰਵਾਇਆ ਹੈ ,ਜਿਸ ਕਰਕੇ 2022 ਵਿੱਚ ਆਉਂਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਹੂੰਝਾ ਫੇਰ ਜਿੱਤ ਹੋਵੇਗੀ । ਇਹਨਾਂ ਸਬਦਾਂ ਦਾ ਪ੍ਰਗਟਾਵਾ ਸਰਪੰਚ ਕਸਮੀਰ ਕਲੋਤਰਾ,ਸਾਬਕਾ ਜਿਲਾ ਮੀਤ ਪ੍ਰਧਾਨ ਸਤਨਾਮ ਸਿੰਘ ਸੱਤੀ,ਜਿਲਾ ਮੀਤ ਪ੍ਰਧਾਨ ਕਪਿਲ ਮਹਾਜਨ ਵੱਲੋਂ ਸਾਂਝੇ ਤੌਰ ਤੇ ਕੀਤਾ । ਸਰਪੰਚ ਕਸਮੀਰ ਕਲੋਤਰਾ,ਸਤਨਾਮ ਸਿੰਘ ਸੱਤੀ,ਕਪਿਲ ਮਹਾਜਨ ਵੱਲੋਂ ਦੱਸਿਆ ਕਿ ਕੈਬਨਿਟ ਮੰਤਰੀ ਅਰੁਣਾ ਚੌਧਰੀ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਂਨ ਆਉਂਦੇ ਪਿੰਡਾਂ ਸਹਿਰਾਂ ਵਿੱਚ ਬੇ ਹਿਸਾਬਾਂ ਵਿਕਾਸ ਕੀਤਾ ਹੈ । ਉਹਨਾ ਕਿਹਾ ਕਿ ਚੌਧਰੀ ਸਾਹਿਬਾਂ ਵੱਲੋਂ ਹਲਕੇ ਦੇ ਵਿਕਾਸ ਲਈ ਪਿਛਲੇ ਸਾਢੇ ਚਾਰ ਸਾਲ ਵਿੱਚ ਘਰ ਬੈਠ ਕੇ ਨਹੀ ਵੇਖਿਆ ,ਤੇ ਜੋ ਸਮਾਂ ਘਰ ਰਹਿਣ ਲਈ ਮਿਲਦਾ ਹੈ ,ਉਸ ਸਮੇਂ ਵੀ ਘਰ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਖੁੱਲਾ ਦਰਬਾਰ ਲਗਾਇਆ ਜਾਂਦਾ ਹੈ ,ਜਿਸ ਵਿੱਚ ਸੈਂਕਰੇ ਲੋਕ ਆਪਣੇ ਰੁਕੇ ਕੰਮਾਂ ਨੂੰ ਕਰਵਾਉਂਦੇ ਹਨ । ਇਸ ਤੋਂ ਇਲਾਵਾਂ ਸਿਕਾਇਤ ਨਿਵਾਰਣ ਕੈਂਪਾਂ ਰਾਹੀ ਬੁਢਾਪਾ ਪੈਨਸ਼ਨਾਂ ਲਗਾਉਣਾ,ਅਪਾਹਜ ਪੈਨਸ਼ਨਾਂ ਲਗਾਉਣਾ,ਅਤੇ ਸਮਾਰਟ ਰਾਸ਼ਨ ਕਾਰਡ ਬਣਾ ਕੇ ਖੁੱਦ ਪਿੰਡ ਪਿੰਡ ਜਾ ਕੇ ਲੋੜਵੰਦ ਪਰਿਵਾਰਾਂ ਨੂੰ ਦੇਣਾ ਆਦਿ , ਇਸ ਦੇ ਨਾਲ ਹੀ ਦੀਨਾਨਗਰ ਹਲਕੇ ਵਿਚ ਕਰੋੜਾ ਰੂ ਦੀ ਲਾਗਤ ਨਾਲ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਚਲਾਏ ਹੋਏ ਹਨ ।





# ਵਿਕਾਸ ਨਾ ਹੁੰਦਾ ਵੇਖ: ਭੁੱਲਰ; ਦੀ ਅਗਵਾਈ 'ਚ ਲੋਕ ਧੜਾ ਧੜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਆਮ ਆਦਮੀ ਪਾਰਟੀ ਦੇ ਵਧਦੇ ਪ੍ਰਭਾਵ ਤੇ ਕੇਜਰੀਵਾਲ ਦੀਆਂ ਨੀਤੀਆਂ ਤੋਂ ਅੱਜ ਪੰਜਾਬ ਦਾ ਹਰ ਵਰਗ ਪ੍ਰਭਾਵਿਤ ਹੋ ਰਿਹਾ ਹੈ। ਇਸੇ ਤਹਿਤ ਅੱਜ ਹਲਕਾ ਪੱਟੀ ਦੇ ਪਿੰਡ ਮੁਠਿਆਂਵਾਲਾ ਵਿਖੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਤੇ ਉਹਨਾਂ ਦੀ ਧਰਮਪਤਨੀ ਸੁਰਿੰਦਰ ਪਾਲ ਕੌਰ ਭੁੱਲਰ ਦੀ ਅਗਵਾਈ ਵਿਚ ਮੁਠੀਆਂ ਵਾਲੇ ਪਿੰਡ ਦੀਆਂ 450 ਵੋਟਾਂ ਵਿਚੋਂ 35 ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ। ਸ਼ਾਮਲ ਹੋਣ ਵਾਲਿਆਂ ਵਿੱਚ ਪ੍ਰਮੁੱਖ ਤੌਰ ਤੇ ਗੁਰਸੇਵਕ ਸਿੰਘ, ਡਾ ਸਾਬ ਸਿੰਘ, ਭੱਟੀ ਸਿੰਘ, ਬਾਰਾ ਸਿੰਘ, ਮਨਪ੍ਰੀਤ ਸਿੰਘ, ਜਸਵਿੰਦਰ ਕੌਰ, ਕਰਨੈਲ ਸਿੰਘ, ਰਾਣੀ ਕੌਰ, ਵਰਿਆਮ ਸਿੰਘ, ਅਮਨਦੀਪ ਕੌਰ, ਗੁਰਜੀਤ ਸਿੰਘ, ਜਰਨੈਲ ਸਿੰਘ, ਮਲਕੀਤ ਕੌਰ, ਬੀਰਾ ਸਿੰਘ, ਪਛੌਰ ਸਿੰਘ, ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅਰਵਿੰਦ ਕੇਜਰੀਵਾਲ ਜੀ ਵੱਲੋਂ ਐਲਾਨੀ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਅਤੇ 24 ਘੰਟੇ ਨਿਰਵਿਘਨ ਬਿਜਲੀ ਦੇਣ ਦੀ ਗਰੰਟੀ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਵਕਤ ਪਿੰਡ ਵਾਸੀਆਂ ਨੂੰ ਬਿਜਲੀ ਗਰੰਟੀ ਦੀ ਰਜਿਸਟਰੇਸ਼ਨ ਕਰਵਾਉਣ ਬਾਰੇ ਵੀ ਕਿਹਾ ਗਿਆ ਤਾਂ ਜੋ ਭਵਿੱਖ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਇਸ ਦਾ ਲਾਭ ਉਠਾਇਆ ਜਾ ਸਕੇ। ਇਸ ਮੌਕੇ ਲੋਕਾਂ ਵੱਲੋਂ ਪਾਰਟੀ ਨੂੰ ਭਰਵਾਂ ਹੁੰਗਾਰਾ ਦਿੱਤਾ ਅਤੇ ਪਾਰਟੀ ਦੀ 2022 ਵਿਚ ਜਿੱਤ ਨੂੰ ਯਕੀਨੀ ਬਣਾਉਣ ਦਾ ਅਹਿਦ ਕੀਤਾ ਗਿਆ। ਇਸ ਵਕਤ ਲੋਕਾਂ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ ਗਿਆ। ਭੁੱਲਰ ਵੱਲੋਂ ਪਿੰਡ ਵਾਸੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਐਨਾ ਮਾਣ ਸਨਮਾਨ ਦਿੱਤਾ ਭੁੱਲਰ ਨੇ ਵਿਸ਼ਵਾਸ ਦਿਵਾਇਆ ਕਿ ਸੂਬੇ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਦਿੱਲੀ ਦੀ ਤਰਜ ਤੇ ਪੰਜਾਬ ਵਾਸੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਰਿਵਾਇਤੀ ਪਾਰਟੀਆਂ ਤੇ ਤੱਜ ਕੱਸਦਿਆਂ ਕਿਹਾ ਕਿ ਸੂਬੇ ਨੂੰ ਲੁੱਟਣ ਤੇ ਕੁੱਟਣ ਤੋਂ ਸਵਾਏ ਕੁਝ ਨਹੀਂ ਕੀਤਾ । ਇਸ ਮੌਕੇ ਹਾਜਰ ਬੀ ਸੀ ਵਿੰਗ ਜਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਕਲਸੀ ਪੱਟੀ, ਕੌਂਸਲਰ ਹੀਰਾ ਸਿੰਘ ਭੁੱਲਰ, ਹਰਜੋਤ ਕੌਰ ਉੱਪਲ, ਰਣਬੀਰ ਸਿੰਘ ਧਾਗਾਣਾ ,ਸਾਬ ਸਿੰਘ, ਰਸਾਲ ਸਿੰਘ ਮੈਂਬਰ ਰਾਜਬੀਰ ਸਿੰਘ ,ਅਮਨ, ਬਲਕਾਰ ਸੋਹਲ ਕੇਵਲ ਸਿੰਘ ਬੁਰਜ ਜਲ੍ਹਿਾ ਕੋਡੀਨੇਟਰ ਗੁਰਦੇਵ ਸਿੰਘ ਧਾਗਾਣਾ ਐਕਸ ਵਿੰਗ ਜਿਲ੍ਹਾ ਵਾਈਸ ਪ੍ਰਧਾਨ ਦਿਲਬਾਗ ਸਿੰਘ ਰੱਤਾ ਗੁੱਦਾ।

# ਪੰਜਾਬ ਦੇ ਧਾਰ ਬਲਾਕ 'ਚ ਅਮਿਤ ਸਿੰਘ ਮੰਟੂ ਦੀ ਹੋ ਰਹੀ ਹੈ ਜੈ ਜੈ ਕਾਰ



**ਸ਼ਾਹਪੁਰ ਕੰਢੀ/ ਸੁਖਵਿੰਦਰ ਜੰਡੀਰ**

ਪ੍ਰਧਾਨਗੀ ਚ ਜਨ ਸੰਪਰਕ ਮੁਹਿੰਮ ਦੇ ਤਹਿਤ ਬਾਲਕ ਦੇ ਵਿਕਾਸ ਕਾਰਜਾਂ ਦੇ ਰਿਵਿਊ ਤਹਿਤ ਇਕ ਪਬਲਿਕ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ ਵੱਡੀ ਸੰਖਿਆ ਚ ਲੋਕ ਤੇਜ਼ ਬਾਰਿਸ਼ ਦੇ ਬਾਵਜੂਦ ਪਹੁੰਚੇ ਇਸ ਵਕਤ ਜਨ ਸਮੱਸਿਆਵਾਂ ਦੇ ਹੱਲ ਤਹਿਤ ਵਿਧਾਨ ਸਭਾ ਹਲਕਾ ਇੰਚਾਰਜ ਸ੍ਰੀ ਅਮਿਤ ਸਿੰਘ ਮਿੰਟੂ ਨੇ ਪਬਲਿਕ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਮੌਕੇ ਤੇ ਹੀ ਅਧਿਕਾਰੀਆਂ ਨੂੰ ਉਹ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ ਮੰਟੂ ਨੇ ਇਸ ਵਕਤ ਬੋਲਦੇ ਹੋਏ ਕਿਹਾ ਕਿ ਇਲਾਕੇ ਦੀਆਂ ਅਣਗਿਣਤ ਸਮੱਸਿਆਵਾਂ ਜਿਵੇਂ ਕਿ ਪੀਣ ਦਾ ਪਾਣੀ ਗਲੀਆਂ ਨਾਲੀਆਂ ਹਸਪਤਾਲ ਪਬਲਿਕ ਟਰਾਂਸਪੋਰਟ ਵਧੀਆ ਸਮਾਰਟ ਸਕੂਲ ਉੱਚ ਸਿੱਖਿਆ ਪ੍ਰਾਪਤੀ ਅਧਿਆਪਕ ਪੰਜਾਬ ਸਰਕਾਰ ਦੇ ਦੁਬਾਰਾ ਉਪਲੱਬਧ ਕੀਤੇ ਗਏ ਫੰਡਾਂ ਨਾਲ ਪਿਛਲੇ ਸਾਢੇ ਚਾਰ ਸਾਲਾਂ ਚ ਦਿਨ ਰਾਤ ਇੱਕ ਕਰਕੇ ਅਪਹੁੰਚ ਇਲਾਕੇ ਦਾ ਵਿਕਾਸ ਕਰਵਾਇਆ ਹੈ ਅੱਜ ਦੂਰ ਦਰਾਡੇ ਇਲਾਕਿਆਂ ਚ ਸਮਾਰਟ ਸਕੂਲ ਸਰਕਾਰੀ ਡਿਸਪੈਂਸਰੀਆਂ ਪਸ਼ੂ ਹਸਪਤਾਲ ਵਰਗੀਆਂ ਸੁਵਿਧਾਵਾਂ ਦੇ ਕੇ ਪੰਜਾਬ ਦੀ ਕਾਂਗਰਸ ਸਰਕਾਰ ਲਗਾਤਾਰ ਯਤਨਸ਼ੀਲ ਹੈ ਸਮਾਜ ਸੇਵਕ ਕੈਪਟਨ ਦੇ ਰਾਜ ਜੀ ਨੇ ਮੰਟੋ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਇਲਾਕੇ ਚ ਵੋਟਾਂ ਸਮੇਂ ਹੀ ਆਉਂਦੇ ਹਨ ਪਰ ਜਨ ਨਾਇਕ ਅਮਿਤ ਸਿੰਘ ਮੰਟੂ ਜੀ ਇਸ ਇਲਾਕੇ ਦਾ ਹਰ ਹਫ਼ਤੇ ਦੌਰਾ ਕਰਦੇ ਹਾਂ ਅਤੇ ਬਹੁਤ ਹੀ ਤੇਜ਼ੀ ਨਾਲ ਵਿਕਾਸ ਦੀ ਲਹਿਰ ਇਸ ਧਾਰ ਬਲਾਕ ਚ ਵਸ ਰਹੀ ਹੈ ਉਸ ਨੂੰ ਇਸੇ ਢੰਗ ਨਾਲ ਮੀਟੂ ਜੀ ਨੇ ਜਾਰੀ ਰੱਖਣਾ ਹੈ ਇਸ ਵਕਤ ਪੰਚ ਸੁਸ਼ਮਾ ਦੇਵੀ ਪੰਚ ਅਮਜਦ ਖਾਨ ਤੇਗ ਅਲੀ ਰਾਕੇਸ਼ ਸੁਨੀਲ ਕੁਮਾਰ ਬਲਵੀਰ ਸਿੰਘ ਅਤੇ ਵੱਡੀ ਸੰਖਿਆ ਚ ਲੋਕ ਹਾਜ਼ਰ ਸਨ।

# ਨਗਰ ਕੌਂਸਲ ਜ਼ੀਰਕਪੁਰ ਵੱਲੋਂ ਔਰਤਾਂ ਨੂੰ ਆਤਮਨਿਰਭਰ ਬਣਾਉਣ ਦੀ ਪਹਿਲ ਤਹਿਤ ਵੰਡੀਆਂ ਸਿਲਾਈ ਮਸ਼ੀਨਾਂ

**ਜੀਰਕਪੁਰ/ਰਵੀ ਜੀਰਕਪੁਰ**

ਵਾਰਡ ਨੰਬਰ 15 ਦੀ ਕੌਂਸਲਰ ਰਜਨੀ ਸ਼ਰਮਾ ਦੇ ਪਤੀ ਸਮਾਜਸੇਵੀ ਰੋਹਿਤ ਸ਼ਰਮਾ ਵੱਲੋਂ ਔਰਤਾਂ ਨੂੰ ਆਪਣੇ ਪੈਰਾਂ ਤੇ ਖੜ ਾ ਕਰਨ ਲਈ ਆਪਣੇ ਵਾਰਡ ਵਿੱਚ ਔਰਤਾਂ ਦਾ ਗਰੁੱਪ ਬਣਾਕੇ ਅੱਜ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਦੀ ਹਾਜ਼ਰੀ ਵਿੱਚ ਸਿਲਾਈ ਮਸ਼ੀਨਾਂ ਭੇਂਟ ਕੀਤੀਆਂ ਗਈਆਂ।ਇਸ ਦੌਰਾਨ ਔਰਤਾਂ ਨੂੰ ਆਤਮਨਿਰਭਰ ਬਣਾਉਣ ਨੂੰ ਲੈ ਕੇ ਰੋਹਿਤ ਸ਼ਰਮਾ ਨੇ ਦੱਸਿਆ ਕਿ ਉਹ ਅਤੇ ਉਨ ਾਂ ਦੀ ਪਤਨੀ ਰਜਨੀ ਸ਼ਰਮਾ ਲਗਾਤਾਰ ਸਾਮਾਜ ਸੇਵਾ ਕਾਰਜ ਕਰ ਰਹੇ ਹਨ। ਅਜਿਹੇ ਵਿੱਚ ਔਰਤਾਂ ਨੂੰ ਆਤਮਨਿਰਭਰ ਬਣਾਉਣ ਲਈ ਉਨ ਾਂ ਵੱਲੋਂ ਔਰਤਾਂ ਦਾ ਸਮੂਹ ਬਣਾਕੇ ਉਨ ਾਂ ਦੇ ਵੱਖ ਵੱਖ ਤਰੀਕੇ ਦੇ ਰੋਜਗਾਰ ਦੇ ਸਾਧਨ ਉਪਲੱਬਧ ਕਰਾਏ ਜਾ ਰਹੇ ਹੈ। ਜਿਸਦੇ ਨਾਲ ਉਹ ਆਪਣੇ ਪੈਰਾਂ ਉੱਤੇ ਖੜ ੀਆਂ ਹੋ ਕੇ ਆਉਣੇ ਪਰਿਵਾਰਾਂ ਦੀ ਮਦਦ ਕਰ ਸਕਣ। ਰੋਹਿਤ ਸ਼ਰਮਾ ਨੇ ਦੱਸਿਆ ਕਿ ਔਰਤਾਂ ਵੱਲੋਂ ਤਿਆਰ ਕੀਤੇ ਜਾਣ ਵਾਲੇ ਸਮਾਨ ਨੂੰ ਲੈ ਕੇ ਵੇਚਣ ਦੀ ਸੁਵਿਧਾ ਵੀ ਉਪਲੱਬਧ ਕਰਾਈ ਜਾਵੇਗੀ। ਜਿਸਨੂੰ ਲੈ ਕੇ ਉਹ ਸ਼ਹਿਰ ਅਤੇ ਆਲੇ ਦੁਆਲੇ ਦੇ ਖੇਤਰ ਵਿੱਚ ਵਪਾਰ ਮੰਡਲ ਦੇ ਪ੍ਰਧਾਨਾਂ ਨਾਲ਼ ਗੱਲਬਾਤ ਕਰ ਰਹੇ ਹਨ । ਜਿਸਦੇ ਨਾਲ ਔਰਤਾਂ ਦੇ ਵੱਲੋਂ ਤਿਆਰ ਕੀਤਾ ਗਿਆ ਸਮਾਨ ਦੁਕਾਨਾਂ ਵਿੱਚ ਵਿਕਰੀ ਹੋ ਸਕੇ, ਅਤੇ ਲੋਕਾਂ ਨੂੰ ਸਵਦੇਸ਼ੀ ਸਮਾਨ ਸਸਤੇ ਰੇਟਾਂ 'ਤੇ ਉਪਲੱਬਧ ਹੋ ਸਕੇ। ਉਨ ਾਂ ਦੱਸਿਆ ਕਿ ਲਗਾਤਾਰ ਉਦਯੋਗਪਤੀਆਂ ਨਾਲ਼ ਵੀ ਗੱਲ ਕੀਤੀ ਜਾ ਰਹੀ ਹੈ । ਜਿਸਦੇ ਤਹਿਤ ਉਹ ਔਰਤਾਂ ਦੇ ਨਾਲ ਨੌਜਵਾਨਾਂ ਨੂੰ ਵੀ ਰੋਜਗਾਰ ਦੇ ਸਾਧਨ ਉਪਲੱਬਧ ਕਰਵਾਏ ਜਾ ਸਕਣ। ਇਸ ਮੌਕੇ "ਤੇ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਔਰਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਹਿਰੀ ਖੇਤਰ ਵਿੱਚ ਔਰਤਾਂ ਆਤਮ ਨਿਰਭਰ ਬਣਨ, ਇਸ ਨੂੰ ਲੈ ਕੇ ਨਗਰ ਕੌਂਸਲ ਦੀ ਟੀਮ ਅਤੇ ਉਨ ਾਂ ਦੇ ਕੌਂਸਲਰ ਯਤਨਸ਼ੀਲ ਹਨ। ਉਨ ਾਂਨੇ ਕਿਹਾ ਕਿ ਸੂਬੇ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਬਹੁਤ ਸਾਰੀਆਂ ਕਲਿਆਣਕਾਰੀ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਪਰ ਸਮੇਂ ਤੇ ਜਾਣਕਾਰੀ ਨਾ ਮਿਲਣ ਕਰਕੇ ਲੋਕ ਯੋਜਨਾਵਾਂ ਦਾ ਮੁਨਾਫ਼ਾ ਨਹੀਂ ਲੈ ਪੁਆਉਂਦੇ। ਉਨ ਾਂ ਔਰਤਾਂ ਨੂੰ ਪੂਰੀ ਤਨਦੇਹੀ ਨਾਲ ਆਪਣੇ ਕੰਮ ਕਰਨ ਅਤੇ ਪਰਿਵਾਰਾਂ ਦੀ ਆਰਥਿਕਤਾ ਮਜ਼ਬੂਤ ਕਰਨ ਦਾ ਸੱਦਾ ਦਿੱਤਾ।



# ਭਾਰਤੀ ਜਨਤਾ ਪਾਰਟੀ ਵੱਲੋਂ ਜ਼ੀਰਕਪੁਰ ਮਹਿਲਾ ਮੋਰਚਾ ਦਾ ਗਠਨ

**ਜੀਰਕਪੁਰ/ਰਵੀ ਜੀਰਕਪੁਰ**

ਭਾਰਤੀ ਜਨਤਾ ਪਾਰਟੀ ਦੀ ਜ਼ੀਰਕਪੁਰ ਇਕਾਈ ਵੱਲੋਂ ਅੱਜ ਭਾਜਪਾ ਮੰਡਲ ਪ੍ਰਧਾਨ ਅਸ਼ੀਸ਼ ਗਰਗ ਦੁਆਰਾ ਮਹਿਲਾ ਮੋਰਚਾ ਦਾ ਗਠਨ ਕੀਤਾ ਗਿਆ। ਇਸ ਮੌਕੇ ਮਹਿਲਾ ਮੋਰਚਾ ਦੀ ਜ਼ਿਲ ਾ ਪ੍ਰਧਾਨ ਜ਼ਿਲ ਾ ਜਨਰਲ ਸਕੱਤਰ ਸਰਬਜੀਤ ਕੌਰ ਸੇਖੋਂ ਅਤੇ ਮੰਡਲ ਪ੍ਰਧਾਨ ਰਾਸ਼ੀ ਅਯੀਅਰ ਵਿਸ਼ੇਸ਼ ਰੂਪ 'ਚ ਮੌਜੂਦ ਸਨ ।ਅੱਜ ਜ਼ੀਰਕਪੁਰ ਦੇ ਇੱਕ ਹੋਟਲ ਵਿੱਚ ਹੋਏ ਇਕ ਸਾਦੇ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਵੱਲੋਂ ਜ਼ੀਰਕਪੁਰ ਮਹਿਲਾ ਮੋਰਚਾ ਦਾ ਗਠਨ ਕੀਤਾ ਗਿਆ। ਜਿਸ ਵਿਚ ਸਰਬਸੰਮਤੀ ਨਾਲ ਰਾਮਾ ਰਾਵਤ, ਪੂਜਾ ਗੁਪਤਾ, ਨੀਤੀ ਰੈਨਾ ਨੂੰ ਜੀਰਕਪੁਰ ਭਾਜਪਾ ਮੰਡਲ ਦਾ ਵਾਈਸ ਪ੍ਰਧਾਨ, ਪੁਸ਼ਪਾ ਭਾਰਤੀ ਸੁਨੀਤਾ ਡੋਗਰਾ ਨੂੰ ਜਨਰਲ ਸਕੱਤਰ ਕਵਿਤਾ ਚੌਧਰੀ ਨੂੰ ਖਜ਼ਾਨਚੀ ਗੀਤਾ ਅੰਬੁਜ, ਰਿਚਾ ਚਤੁਰਵੇਦੀ ਨੂੰ ਸਕੱਤਰ , ਰਾਧਿਕਾ ਭੂਟਾਨੀ ਅਤੇ ਊਸ਼ਾ ਬਾਂਸਲ ਨੂੰ ਵੀ ਜ਼ੀਰਕਪੁਰ ਮਹਿਲਾ ਮੋਰਚਾ ਦਾ ਸਕੱਤਰ ਨਿਯੁਕਤ ਕੀਤਾ ਗਿਆ।



PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਗੋਲਡੀ ਭੰਗੂ ਦੀ ਪਹਿਲੀ ਬਰਸੀ ਸਲੇਮਪੁਰ ਸੇਖਾ 'ਚ ਮਨਾਈ

■ ਇੰਸਪੈਕਟਰ ਪਰੇਮ ਸਿੰਘ ਭੰਗੂ ਦੇ ਪਰਿਵਾਰ ਨੇ ਗੋਲਡੀ ਦੀ ਯਾਦ ' ਚ ਸਕੂਲ ਦੇ ਬੱਚਿਆਂ ਨੂੰ ਸਕੂਲ ਬੈਗ ਅਤੇ ਸਟੇਸਨਰੀ ਵੰਡੀ।

**ਘਨੌਰ/ਸਰਦਾਰਾ ਸਿੰਘ ਲਾਛੜੂ**

ਇੰਸਪੈਕਟਰ ਪਰੇਮ ਸਿੰਘ ਭੰਗੂ ਦੇ ਜਿਗਰ ਦੇ ਟੁਕੜੇ ਬਲਾਕ ਸੰਮਤੀ ਮੈਂਬਰ , ਨੌਜਵਾਨ ਸਮਾਜ ਸੇਵੀ ਮਰਹੂਮ ਜਸਪਰਮਵੀਰ ਸਿੰਘ , ਗੋਲਡੀ ਭੰਗੂ ਦੀ ਪਹਿਲੀ ਬਰਸੀ ਮੌਕੇ ਅੱਜ ਭੰਗੂ ਪਰਿਵਾਰ ਵੱਲੋਂ ਗੋਲਡੀ ਭੰਗੂ ਦੀ ਯਾਦ ਵਿੱਚ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਸਲੇਮਪੁਰ ਸੇਖਾਂ ( ਜਿਲ੍ਹਾ ਪਟਿਆਲਾ ਦੇ 1 ਤੋਂ 5 ਤੱਕ ਦੇ ਬੱਚਿਆਂ ਨੂੰ ਸਕੂਲ ਬੈਗ , ਸਟੇਸਨਰੀ ਦਾ ਸਮਾਨ ਵੰਡਿਆ ਗਿਆ ਅਤੇ ਸਮੋਸਿਆ ਅਤੇ ਫਰੂਟੀਆ ਦਾ ਲੰਗਰ ਲਗਾਇਆ ਗਿਆ ।ਬਰਸੀ ਮੌਕੇ ਭੰਗੂ ਪਰਿਵਾਰ ਦੇ ਨਜਦੀਕੀ ਹਲਕਾ ਘਨੌਰ ਤੋਂ ਕਾਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਪੁੱਜੇ ।ਵਿਧਾਇਕ ਮਦਨ ਲਾਲ ਨੇ ਗੋਲਡੀ ਭੰਗੂ ਨੂੰ ਯਾਦ ਕਰਦਿਆਂ ਕਿਹਾ ਕਿ ਨੌਜਵਾਨਾਂ ਦੇ ਦਿਲਾ ਦੀ ਧੜਕਣ ਅਤੇ ਇਕ ਮਸੀਹਾ ਸੀ ਗੋਲਡੀ ਜਿਸ ਨੇ ਛੋਟੀ ਉਮਰੇ ਸਭ ਤੋਂ ਸਭ ਤੋਂ ਵੱਧ ਵੋਟਾ ਨਾਲ ਬਲਾਕ ਸੰਮਤੀ ਦੀ ਚੋਣ ਜਿੱਤਣ ਤੋਂ ਬਾਅਦ ਆਪਣੇ ਬਲਾਕ ਦੇ ਪਿੰਡਾਂ ਵਿੱਚ ਜਿਥੇ ਵਿਕਾਸ ਕੰਮ ਕਰਵਾਉਣ ਵਿੱਚ ਅਹਿਮ ਯੋਗਦਾਨ ਦਿੱਤਾ , ਉਥੇ ਹੀ ਪਿੰਡ ਸਲੇਮਪੁਰ ਸੇਖਾ ਦੇ ਇਸ ਸਕੂਲ ਨੂੰ ਮਾਡਰਨ ਦਿੱਖ ਦੇਣ ਲਈ ਵੀ ਮੋਹਰੀ ਰੋਲ ਅਦਾ ਕੀਤਾ ।ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਵਿੱਚ ਗੋਲਡੀ ਨੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਵਿੱਚ ਅਹਿਮ ਰੋਲ ਅਦਾ ਕੀਤਾ ।ਉਨ੍ਹਾਂ ਕਿਹਾ ਕਿ ਚਾਹੇ ਅੱਜ ਗੋਲਡੀ ਸਾਡੇ ਵਿੱਚ ਨਹੀਂ ਰਿਹਾ ਪਰ ਉਸ ਦੀ ਯਾਦਾਂ ਸਦਾ ਸੰਸਾਰ ਵਿੱਚ ਰਹਿਣਗੀਆ .ਅਮਿਤ ਸਰਮਾ ਹਨੀ ਸਾਬਕਾ ਪ੍ਰਧਾਨ ਨਗਰ ਕੌਂਸਲ ਮੁੱਲਾਂਪੁਰ ਦਾਖਾ ਨੇ ਕਿਹਾ ਕਿ ਛੋਟੀ ਉਮਰੇ ਗੋਲਡੀ ਭੰਗੂ ਨੇ ਜਿੱਥੇ ਆਪਣੇ ਪਿੰਡ ਦੀ ਨੁਹਾਰ ਬਦਲਣ ਚ ਯੋਗਦਾਨ ਦਿੱਤਾ ਉੱਥੇ ਹੀ ਮੁੱਲਾਂਪੁਰ ਦਾਖਾ ਦੇ ਲੋੜਵੰਦਾਂ ਦੀ ਵੀ ਹਰ ਸਮੇਂ ਮਦਦ ਕੀਤੀ . ਇਸ ਮੌਕੇ ਇੰਸਪੈਕਟਰ ਪਰੇਮ ਸਿੰਘ ਭੰਗੂ ,ਸਰਪੰਚ ਦਲਜੀਤ ਕੌਰ ਭੰਗੂ , ਜਸਕਰਨਵੀਰ ਸਿੰਘ ਭੰਗੂ , ਏ ਕਮਵੀਰ ਸਿੰਘ ਭੰਗੂ , ਹਰਮਨਜੋਤ ਸਿੰਘ ਭੰਗੂ ਵੱਲੋਂ ਸਕੂਲ ਦੇ ਬੱਚਿਆਂ ਨੂੰ ਸਕੂਲ ਬੈਗ ਅਤੇ ਸਟੇਸਨਰੀ ਦਾ ਸਾਰਾ ਸਮਾਨ ਵੰਡਿਆ ਗਿਆ ਅਤੇ ਸਮੋਸੇ , ਫਰੂਟੀਆ ਦਾ ਲੰਗਰ ਲਗਾਇਆ ਗਿਆ ।



ਇਸ ਮੌਕੇ ਚੇਅਰਮੈਨ ਜੱਗੀ ਸਿੰਘ ਸਾਬਕਾ ਸਰਪੰਚ ਕਰਨੈਲ ਸਿੰਘ , ਸੁਰਜੀਤ ਸਿੰਘ ਮੈਂਬਰ ਪੰਚਾਇਤ , ਪੰਚ ਸਤਨਾਮ ਸਿੰਘ , ਪੰਚ ਮੋਹਨ ਸਿੰਘ , ਪੰਚ ਸੁਰਜੀਤ ਸਿੰਘ , ਪੰਚ ਮਲਕ ਸਿੰਘ , ਪੰਚ ਬਲਦੇਵ ਸਿੰਘ ,ਅਧਿਆਪਕ ਮਨਪ੍ਰੀਤ ਕੌਰ , ਮੈਡਮ ਕਮਲ , ਰੁਪਿੰਦਰ ਸਿੰਘ , ਗੁਰਮੇਲ ਕੌਰ , ਰੋਸਨ ਸਿੰਘ , ਯੂਥ ਆਗੂ ਸੋਨੂ ਸਿੰਘ , ਵਿਸਾਖਾ ਸਿੰਘ , ਜਸਵੀਰ ਕੌਰ ਗੁੱਡੀ , ਮਾਸਟਰ ਮੇਜਰ ਸਿੰਘ , ਹਰਮਨ ਸਿੰਘ ( 1 , ਭੋਲਾ ਸਿੰਘ ਪ੍ਰੇਮੀ , ਸਮੂਹ ਸਕੂਲ ਸਟਾਫ ਅਤੇ ਪਿੰਡ ਦੇ ਪੱਤਵੰਤੇ ਵਿਅਕਤੀਆਂ ਨੇ ਗੋਲਡੀ ਨੂੰ ਯਾਦ ਕੀਤਾ ।ਇੰਸਪੈਕਟਰ ਪਰੇਮ ਸਿੰਘ ਭੰਗੂ ਨੇ ਬਰਸੀ ਮੌਕੇ ਆਏ ਸਮੂਹ ਪੱਤਵੰਤੇ ਵਿਅਕਤੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਗੋਲਡੀ ਵੱਲੋਂ ਸੁਰੂ ਕੀਤੇ ਸਮਾਜ ਸੇਵਾ , ਲੋੜਬੰਦਾ ਦੀ ਸੇਵਾ ਦਾ ਕਾਰਜ ਇਸੇ ਤਰ੍ਹਾਂ ਜਾਰੀ ਰਹੇਗਾ ।

ਰੋਜ਼ਾਨਾ ਲੋਕ ਬਾਣੀ

# ਸੀਵਰੇਜ ਜਾਮ ਹੋਣ ਕਾਰਨ ਟੁੱਟੀ ਸੜਕ ਲੋਕਾਂ ਨੇ ਸਰਕਾਰ ਅਤੇ ਪ੍ਰਸ਼ਾਸ਼ਨ ਖਿਲਾਫ ਕੀਤੀ ਨਾਅਰੇਬਾਜੀ




**ਰਾਮਾ ਮੰਡੀ/ਅਨਿਲ ਜੈਨ**

ਪਿਛਲੇ ਕਈ ਮਹੀਨਿਆਂ ਤੋਂ ਸੀਵਰੇਜ ਜਾਮ ਕਾਰਨ ਨਰਕ ਭਰੀ ਜੀਂਦਗੀ ਜੀ ਰਹੇ ਸਥਾਨਕ ਵਾਰਡ ਨੰ 7 ਦੇ ਵਾਸੀਆਂ ਵੱਲੋਂ ਅੱਜ ਡਾਕਟਰ ਸੋਹਣ ਲਾਲ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਤੇ ਨਗਰ ਕੌਂਸਲ ਖਿਲਾਫ ਰੋਸ ਪ੍ਰਦਰਸਨ ਕੀਤਾ ਗਿਆ ਇਸ ਦੋਰਾਨ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਸਰਕਾਰ ਅਤੇ ਪ੍ਰਸਾਸਨ ਖਲਿਾਫ ਜਬਰਦਸਤ ਨਾਅਰੇਬਾਜੀ ਕਰਦਿਆਂ ਪ੍ਰਸਾਸਨ ਨੂੰ ਦੋ ਦਿਨਾਂ ਦਾ ਅਲਟੀਮੇਟਮ ਦਿੰਦੇ ਹੋਏ ਡਾਕਟਰ ਸੋਹਣ ਲਾਲ ਕਲਿਆਣੀ ਨੇ ਕਿਹਾ ਕਿ ਜੇਕਰ ਦੋ ਦਿਨਾਂ ਅੰਦਰ ਸਮੱਸਿਆ ਦਾ ਹੱਲ ਨਹੀਂ ਕੀਤਾ ਗਿਆ ਤਾਂ ਵਾਰਡ ਵਾਸੀਆਂ ਵਲੋਂ ਨਗਰ ਕੌਂਸਲ ਦਫਤਰ ਦੇ ਬਾਹਰ ਅਣਮਿੱਥੇ ਸਮੇਂ ਲਈ ਧਰਨਾ ਲਗਾਇਆ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਸੋਹਣ ਲਾਲ ਕਲਿਆਣੀ ਨੇ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਵਾਰਡ ਨੰ 7 ਤੋਂ ਰਾਮਸਰਾ ਰੋਡ ਨੂੰ ਜਾਣ ਵਾਲੀ ਸੜਕ ਤੇ ਸੀਵਰੇਜ ਬੰਦ ਹੋਣ ਕਾਰਨ ਸੜਕ ਤੇ ਸੀਵਰੇਜ ਦਾ ਪਾਣੀ ਜਮ੍ਹਾ ਹੋਣ ਕਾਰਨ ਸੜਕ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ ਜਿਸ ਕਾਰਨ ਲੋਕਾਂ ਦਾ ਘਰਾਂ ਵਿੱਚੋਂ ਬਾਹਰ ਨਿਕਲਣਾ ਮੁਸਕਿਲ ਹੋ ਗਿਆ ਹੈ । ਉਹਨਾਂ ਕਿਹਾ ਕਿ ਸੜਕ ਤੇ ਪਾਣੀ ਜਮ੍ਹਾਂ ਹੋਣ ਕਾਰਨ ਜਿੱਥੇ ਲੋਕਾਂ ਦਾ ਘਰਾਂ ਵਿੱਚੋਂ ਬਾਹਰ ਨਿਕਲਣਾ ਮੁਸਕਲ ਹੋ ਗਿਆ ਹੈ ਉਥੇ ਹੀ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਬੀਮਾਰੀਆਂ ਫੈਲਣ ਦਾ ਖਤਰਾ ਵੀ ਵੱਧ ਗਿਆ ਹੈ ।ਵਾਰਡ ਵਾਸੀ ਪਾਲੀ ਅਤੇ ਰਾਜ ਨੇ ਕਿਹਾ ਕਿ ਸੜਕ ਤੇ ਸੀਵਰੇਜ ਦਾ ਪਾਣੀ ਜਮ੍ਹਾਂ ਹੋਣ ਕਾਰਨ ਸੜਕ ਵਿੱਚ ਵੱਡੇ-ਵੱਡੇ ਟੋਏ ਪੈ ਗਏ ਹਨ, ਜੋ ਕਿਸੇ ਵੀ ਸਮੇਂ ਵੱਡੇ ਹਾਦਸੇ ਦਾ ਕਾਰਨ ਬਣ ਸਕਦੇ ਹਨ। ਪਰ ਸੀਵਰੇਜ ਬੋਰਡ ਦੇ ਅਧਿਕਾਰੀ ਕੁੰਭਕਰਨੀ ਨੀਂਦ ਸੌਂ ਰਹੇ ਹਨ। ਡਾ. ਕਲਿਆਣੀ ਨੇ ਕਿਹਾ ਕਿ ਕੈਪਟਨ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਜਿਸ ਕਾਰਨ ਲੋਕਾਂ ਦਾ ਕੈਪਟਨ ਸਰਕਾਰ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ ਸਿਰਵ ਕਾਗਜਾਂ ਵਿੱਚ ਹੀ ਵਿਕਾਸ ਕਰਵਾਇਆ ਜਾ ਰਿਹਾ ਹੈ ਜਦਕਿ ਸੀਵਰੇਜ ਅਤੇ ਸਫਾਈ ਵਿਵਸਥਾ ਵੱਲ ਪ੍ਰਸਾਸਨ ਕੋਈ ਧਿਆਨ ਨਹੀਂ ਦੇ ਰਿਹਾ ।

■ ਸਰਕਾਰ ਅਤੇ ਅਧਿਕਾਰੀ ਸੁੱਤੇ ਕੁੰਭਕਰਨੀ ਨੀਂਦ : ਡਾ ਸੋਹਣ ਲਾਲ ਕਲਿਆਣੀ

ਰੋਜ਼ਾਨਾ ਲੋਕ ਬਾਣੀ

# ਪਿੰਡ ਜਨਾਲ ਵਿਖੇ ਬੀ ਕੇ ਯੂ ਏਕਤਾ ਸਿੱਧੂਪੁਰ ਦੀ ਇਕਾਈ ਦਾ ਗਠਨ ਕੀਤਾ ਗਿਆ



**ਸੁਨਾਮ/ਗੁਰਵਿੰਦਰ ਗੰਢੂਆਂ**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਲ੍ਹਿਾ ਜਰਨਲ ਸਕੱਤਰ ਰਣ ਸਿੰਘ ਚੱਠਾ ਤੇ ਨੌਜਵਾਨ ਆਗੂ ਗੁਰਪਿਆਰ ਸਿੰਘ ਚੱਠਾ ਵੱਲੋਂ ਪਿੰਡਾਂ ਵਿੱਚ ਦਿੱਲੀ ਅੰਦੋਲਨ ਨੂੰ ਲੈਕੇ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ।ਇਸ ਲੜੀ ਤਹਿਤ ਇੱਕ ਮੀਟਿੰਗ ਅੱਜ ਦਿੜ੍ਹਬਾ ਨੇੜਲੇ ਪਿੰਡ ਜਨਾਲ ਵਿਖੇ ਕੀਤੀ ਗਈ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਲ੍ਹਿਾ ਜਰਨਲ ਸਕੱਤਰ ਰਣ ਸਿੰਘ ਚੱਠਾ ਨੇ ਕਿਸਾਨਾਂ ਤੇ ਨੌਜਵਾਨਾਂ ਨੂੰ ਦਿੱਲੀ ਅੰਦੋਲਨ ਵਿੱਚ ਵੱਧ ਤੋਂ ਵੱਧ ਸਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਕਿਸਾਨ ਆਗੂਆਂ ਰਣ ਸਿੰਘ ਚੱਠਾ ਤੇ ਗੁਰਪਿਆਰ ਸਿੰਘ ਚੱਠਾ ਨੇ ਕਿਹਾ ਕਿ ਦਿੱਲੀ ਮੋਰਚਾ ਕਿਸਾਨਾਂ ਨੌਜਵਾਨਾਂ ਦੀ ਸਮੂਲੀਅਤ ਨਾਲ ਚੜਦੀਕਲਾ ਵਿੱਚ ਚੱਲ ਰਿਹਾ ਹੈ ਉਨ੍ਹਾਂ ਕਿਹਾ ਕਿ ਜਿੰਨਾ ਚਿਰ ਮੋਦੀ ਸਰਕਾਰ ਤਿੰਨੇ ਕਾਲੇ ਕਾਨੂੰਨ ਰੱਦ ਨਹੀਂ ਕਰਦੀ ਉਨ੍ਹਾਂ ਸਮਾਂ ਅੰਦੋਲਨ ਜਾਰੀ ਰਹੇਗਾ। ਇਸ ਮੌਕੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੀ ਹਾਜਰੀ ਵਿੱਚ ਪਿੰਡ ਜਨਾਲ ਦੀ 41 ਮੈਂਬਰੀ ਇਕਾਈ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ।ਚੋਣ ਵਿੱਚ ਪ੍ਰਧਾਨ ਸੁਰਜੀਤ ਸਿੰਘ ਕਾਲੇਕੇ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਪੱਪੂ, ਸਤਨਾਮ ਸਿੰਘ ਕਾਲੇਕੇ,ਮੀਤ ਪ੍ਰਧਾਨ ਅਮਰ ਸਿੰਘ ਦੁੱਲਟ, ਜਰਨਲ ਸਕੱਤਰ ਪ੍ਰਿਤਪਾਲ ਸਿੰਘ ਦੁੱਲਟ, ਜੋਗਿੰਦਰ ਸਿੰਘ ਕਪਿਆਲੀਆ, ਖਜਾਨਚੀ ਨਛੱਤਰ ਸਿੰਘ ਦੁੱਲਟ, ਬਲਦੇਵ ਸਿੰਘ ਦੁੱਲਟ, ਪ੍ਰੈਸ ਸਕੱਤਰ ਮਾਸਟਰ ਗੁਰਤੇਜ ਸਿੰਘ ਧਾਲੀਵਾਲ, ਸੰਗਠਨ ਸਕੱਤਰ ਦਰਸਨ ਸਿੰਘ ਬਿੱਲੂ, ਪਿਆਰਾ ਸਿੰਘ ਕਾਲੇਕੇ, ਪ੍ਰਚਾਰ ਸਕੱਤਰ ਹਰਦੇਵ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਦੁੱਲਟ,ਜਾਗਰ ਸਿੰਘ ਦੁੜਾਨ ਨੂੰ ਨਿਯੁਕਤ ਕੀਤਾ ਗਿਆ ਅਤੇ ਬਾਕੀ ਸਾਰੇ ਕਾਰਜਕਾਰੀ ਕਮੇਟੀ ਮੈਂਬਰ ਚੁਣੇ ਗਏ।

ਰੋਜ਼ਾਨਾ ਲੋਕ ਬਾਣੀ

# ਬਸਪਾ ਨੇਤਾ ਪਰਮਜੀਤ ਕੌਰ ਨੇ ਕਾਂਗਰਸ ਦੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਛੱਡੀ ਪਾਰਟੀ

**ਜੀਰਕਪੁਰ/ਰਵੀ ਜੀਰਕਪੁਰ**

ਬਹੁਜਨ ਸਮਾਜ ਪਾਰਟੀ ਵੱਲੋਂ ਜ਼ੀਰਕਪੁਰ ਨਗਰ ਕੌਂਸਲ ਦੇ ਵਾਰਡ ਨੰਬਰ ਪੰਦਰਾਂ ਤੋਂ ਚੋਣ ਲੜ ਚੁੱਕੀ ਪਰਮਜੀਤ ਕੌਰ ਵੱਲੋਂ ਅੱਜ ਬਸਪਾ ਪਾਰਟੀ ਦਾ ਪੱਲਾ ਛੱਡ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਵਾਰਡ ਨੰਬਰ ਪੰਦਰਾਂ ਦੇ ਸਮਾਜਸੇਵੀ ਰੋਹਿਤ ਸ਼ਰਮਾ ਦੇ ਯਤਨਾਂ ਨਾਲ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਪਰਮਜੀਤ ਕੌਰ ਦਾ ਨਗਰ ਕੌਂਸਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਕਾਂਗਰਸ ਪਾਰਟੀ ਵਿੱਚ ਸਵਾਗਤ ਕੀਤਾ। ਇਸ ਮੌਕੇ ਪਰਮਜੀਤ ਕੌਰ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਿੱਚ ਕੰਮ ਕਰਨ ਵਾਲੇ ਮਿਹਨਤੀ ਵਰਕਰਾਂ ਦੀ ਕੋਈ ਕਦਰ ਨਹੀਂ ਹੈ । ਬਹੁਜਨ ਸਮਾਜ ਪਾਰਟੀ ਨੇ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕਰ ਕੇ ਆਪਣਾ ਦੋਗਲਾ ਚਿਹਰਾ ਸਾਬਤ ਕਰ ਦਿੱਤਾ ਹੈ । ਪਰਮਜੀਤ ਕੌਰ ਨੇ ਕਿਹਾ ਕਿ ਉਹ ਬੀਤੇ ਛੇ ਮਹੀਨੇ ਤੋਂ ਜ਼ੀਰਕਪੁਰ ਵਿੱਚ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਅਤੇ ਨਗਰ ਕੌਂਸਲ ਦੇ ਪ੍ਰਧਾਨ ਉੱਧਰ ਵੀਰ ਸਿੰਘ ਢਿੱਲੋਂ ਵੱਲੋਂ ਲਿਆਂਦੀ ਗਈ ਵਿਕਾਸ ਦੀ ਹਨੇਰੀ ਕੰਮ ਪ੍ਰਭਾਵਤ ਹੋ ਕੇ ਬਹੁਜਨ ਸਮਾਜ ਪਾਰਟੀ ਛੱਡ ਕਾਂਗਰਸ ਵਿੱਚ ਸ਼ਾਮਲ ਹੋ ਰਹੇ ਹਨ ।ਕਾਂਗਰਸ ਪਾਰਟੀ ਵਿਚ ਪਰਮਜੀਤ ਕੌਰ ਦਾ ਸਵਾਗਤ ਕਰਦਿਆਂ ਕੌਂਸਲ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਚੋਣਾਂ ਦੌਰਾਨ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ।ਜਿਸ ਤੋਂ ਸੂਬੇ ਦਾ ਹਰ ਵਰਗਾ ਬਹੁਤ ਪ੍ਰਭਾਵਤ ਹੈ ਅਤੇ ਰੋਜ਼ਾਨਾ ਦਰਜਨਾਂ ਦੀ ਗਿਣਤੀ ਦੇ ਵਿਚ ਲੋਕ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ । ਉਨ ਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਪਰਮਜੀਤ ਕੌਰ ਨੂੰ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਵੇਗਾ ।ਉਨ ਾਂ ਕਿਹਾ ਕਿ ਪਰਮਜੀਤ ਕੌਰ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਜ਼ੀਰਕਪੁਰ ਖੇਤਰ ਵਿੱਚ ਪਾਰਟੀ ਨੂੰ ਬਹੁਤ ਮਜ਼ਬੂਤੀ ਮਿਲੇਗੀ ਉਨ ਾਂ ਉਮੀਦ ਜਤਾਈ ਕਿ ਪਰਮਜੀਤ ਕੌਰ ਬਹੁਜਨ ਸਮਾਜ ਪਾਰਟੀ ਦੀ ਤਰ ਾਂ ਹੀ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰਦੇ ਰਹਿਣਗੇ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਸਿਹਤ ਜਾਂਚ ਕੈਂਪ ਦੌਰਾਨ 250 ਲੋਕਾਂ ਦੀ ਸਿਹਤ ਦੀ ਕੀਤੀ ਗਈ ਜਾਂਚ

**ਜੀਰਕਪੁਰ/ਰਵੀ ਜੀਰਕਪੁਰ**

ਟਰਾਈਸਿਟੀ ਲੇਡੀਜ਼ ਗਰੁੱਪ ਵੱਲੋਂ ਅੱਜ ਬਲਟਾਣਾ ਦੇ ਸ਼ਿਵ ਮੰਦਿਰ ਵਿਚ ਇਕ ਜਨਰਲ ਮੁਫ਼ਤ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਹਲਕਾ ਡੇਰਾਬੱਸੀ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਜਦਕਿ ਉਨ ਾਂ ਦੇ ਸਪੁੱਤਰ ਅਤੇ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੈਵੀਰ ਸਿੰਘ ਢਿੱਲੋਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਿਹਤ ਜਾਂਚ ਕੈਂਪ ਦੌਰਾਨ ਜ਼ੀਰਕਪੁਰ ਖੇਤਰ ਦੇ 250 ਤੋਂ ਵੱਧ ਲੋਕਾਂ ਦੇ ਸਿਹਤ ਦੀ ਜਾਂਚ ਕੀਤੀ ਗਈ। ਸਿਹਤ ਜਾਂਚ ਕੈਂਪ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਟ੍ਰਾਈਸਿਟੀ ਲੇਡੀਜ਼ ਗਰੁੱਪ ਦੀ ਪ੍ਰਧਾਨ ਅੰਜਲੀ ਖੁਰਾਨਾ ਨੇ ਦੱਸਿਆ ਕਿ ਗਰੁੱਪ ਦੀ ਚੇਅਰਮੈਨ ਅਤੇ ਕੌਂਸਲਰ ਨੇਹਾ ਸ਼ਰਮਾ ਸਮੇਤ ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਅੱਜ ਬਲਟਾਣਾ ਦੇ ਸ਼ਿਵ ਮੰਦਿਰ ਵਿਚ ਸਿਹਤ ਜਾਂਚ ਕੈਂਪ ਲਗਾਇਆ ਗਿਆ ਸੀ ਜਿਸ ਵਿੱਚ ਖੇਤਰ ਦੇ ਨਿਜੀ ਹਸਪਤਾਲ ਐਮ ਕੇਅਰ ਦੇ ਡਾਕਟਰਾਂ ਦੀ ਟੀਮ ਨੇ ਡਾ. ਸਾਹਿਲ ਦੀ ਅਗਵਾਈ ਵਿਚ ਮਰੀਜ਼ਾਂ ਦੇ ਸ਼ੂਗਰ ਬਲੱਡ ਪ੍ਰੈਸ਼ਰ ਅਤੇ ਹੋਰ ਜਨਰਲ ਟੈਸਟ ਕੀਤੇ ਅਤੇ ਉਨ ਾਂ ਨੂੰ ਦਵਾਈਆਂ ਦਿੱਤੀਆਂ। ਅੰਜਲੀ ਖੁਰਾਨਾ ਨੇ ਦੱਸਿਆ ਕਿ ਲੇਡੀਜ਼ ਦੀਆਂ ਸਮੱਸਿਆਵਾਂ ਲਈ ਬਲਟਾਣਾ ਦੀ ਔਰਤਾਂ ਦੀਆਂ ਬਿਮਾਰੀਆਂ ਦੀ ਮਾਹਿਰ ਡਾਕਟਰ ਅਨੁਰਾਧਾ ਵੱਲੋਂ ਉਨ ਾਂ ਦੀ ਵੱਖਰੇ ਤੌਰ ਤੇ ਜਾਂਚ ਕੀਤੀ ਗਈ ਅਤੇ ਉਨ ਾਂ ਨੂੰ ਸਲਾਹ ਦੇ ਨਾਲ ਨਾਲ ਦਵਾਈਆਂ ਵੀ ਦਿੱਤੀਆਂ ਗਈਆਂ ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਲੇਡੀਜ਼ ਗਰੁੱਪ ਵੱਲੋਂ ਕਰਵਾਏ ਜਾ ਰਹੇ ਸਮਾਜ ਸੇਵੀ ਕੰਮ ਬਹੁਤ ਹੀ ਸ਼ਲਾਘਾਯੋਗ ਹਨ ਅਤੇ ਇਨ ਾਂ ਤੋਂ ਸੇਧ ਲੈ ਕੇ ਹੋਰ ਲੋਕਾਂ ਨੂੰ ਵੀ ਲੋਕ ਭਲਾਈ ਅਤੇ ਸਮਾਜ ਸੇਵਾ ਦੇ ਕੰਮ ਕਰਵਾਉਣੇ ਚਾਹੀਦੇ ਹਨ। ਉਨ ਾਂ ਆਪਣੇ ਵੱਲੋਂ ਟ੍ਰਾਈਸਿਟੀ ਲੇਡੀਜ਼ ਕਲੱਬ ਨੂੰ ਹਰ ਤਰ ਾਂ ਦੀ ਸੰਭਵ ਮਦਦ ਕਰਨ ਦਾ ਭਰੋਸਾ ਵੀ ਦਿੱਤਾ ਅਤੇ ਟ੍ਰਾਈਸਿਟੀ ਲੇਡੀਜ਼ ਗਰੁੱਪ ਨੂੰ ਭਵਿੱਖ ਵਿਚ ਵੀ ਅਜਿਹੇ ਹੈਲਥ ਕੈਂਪ ਲਗਾਉਣ ਲਈ ਪ੍ਰੇਰਿਤ ਕੀਤਾ।



# ਹੈਲਪ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਹੱਡੀਆਂ ਅਤੇ ਜੋੜਾਂ ਦੀਆਂ ਬੀਮਾਰੀਆਂ ਦਾ ਮੁਫ਼ਤ ਚੈਕਅੱਪ ਕੈਂਪ ਲਗਾਇਆ




**ਰਾਮਾਂ ਮੰਡੀ/ਅਨਿਲ ਜੈਨ**

ਸਹਿਰ ਦੀ ਮੋਹਰੀ ਸਮਾਜ ਸੇਵੀ ਸੰਸਥਾ ਹੈਲਪ ਲਾਈਨ ਵੈਲਫੇਅਰ ਸੁਸਾਇਟੀ ਵੱਲੋ ਅੱਜ ਸ਼੍ਰੀ ਗੀਤਾ ਭਵਨ ਵਿਖੇ ਲਗਾਏ ਗਏ ਹੱਡੀਆਂ ਅਤੇ ਜੋੜਾਂ ਦੇ ਮੁਫ਼ਤ ਚੈਕਅੱਪ ਕੈਂਪ ਦੋਰਾਨ ਬਠਿੰਡਾ ਦੇ ਐਮ.ਜੀ.ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਦੇ ਮਾਹਰ ਡਾ.ਮੁਨੀਸ਼ ਗੁਪਤਾ, ਸਹਾਇਕ ਡਾ. ਵਿਵੇਕ ਬਾਂਸਲ ਅਤੇ ਉਹਨਾਂ ਦੀ ਟੀਮ ਵੱਲੋ 100 ਤੋਂ ਵੱਧ ਮਰੀਜਾਂ ਦਾ ਚੈਕਅੱਪ ਕੀਤਾ ਗਿਆ ਅਤੇ ਸੰਸਥਾ ਵੱਲੋ ਮਰੀਜਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆ ਗਈਆ। ਇਸ ਮੋਕੇ ਡਾ.ਮੁਨੀਸ਼ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਦੇ ਮਸੀਨਸ਼ ਯੁੱਗ ਵਿੱਚ

■ **ਸ਼ਰੀਰਕ ਕੰਮ ਨਾ ਕਰਨਾ ਅਤੇ ਮੋਟਾਪਾ ਜੋੜਾਂ ਦੀਆਂ ਬੀਮਾਰੀਆਂ ਦੇ ਵਧਣ ਦੇ ਮੁੱਖ ਕਾਰਨ ਹਨ- ਡਾ.ਮੁਨੀਸ਼ ਗੁਪਤਾ**

ਸ਼ਰੀਰਕ ਕੰਮ ਨਾ ਕਰਨਾ ਅਤੇ ਖਾਣ-ਪੀਣ ਠੀਕ ਨਾ ਹੋਣ ਕਾਰਨ ਮੋਟਾਪਾ ਅਤੇ ਜੋੜਾਂ ਦੀਆਂ ਬੀਮਾਰੀਆਂ ਦੇ ਵਧਣ ਦੇ ਮੁੱਖ ਕਾਰਨ ਹਨ। ਉਹਨਾਂ ਕਿਹਾ ਕਿ ਜੋੜਾਂ ਦੀਆਂ ਬੀਮਾਰੀਆਂ ਤੋ ਬਚਣ ਲਈ ਮਰੀਜਾਂ ਨੂੰ ਆਪਣੇ ਖਾਣ ਪੀਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਜੰਕ ਫੂਡ ਅਤੇ ਤਲੀਆਂ ਚੀਜਾਂ ਤੋ ਪ੍ਰਹੇਜ ਕਰਨ ਦੇ ਨਾਲ ਨਾਲ ਮਸ਼ੀਨਰੀ ਦੀ ਬਜਾਏ ਹੱਥੀ ਕੰਮ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ ।ਉਹਨਾਂ ਕਿਹਾ ਕਿ ਸਵੇਰ ਸਮੇਂ ਸੈਰ ਅਤੇ ਕਸਰਤ ਕਰਨ ਨਾਲ ਇਹਨਾਂ ਬੀਮਾਰੀਆਂ ਤੋਂ ਛੁਟਕਾਰਾ ਮਿਲ ਸਕਦਾ ਹੈ । । ਇਸ ਦੋਰਾਨ ਸੰਸਥਾ ਵੱਲੋ ਡਾਕਟਰ ਮੁਨੀਸ ਗੁਪਤਾ ਅਤੇ ਉਹਨਾਂ ਦੀ ਟੀਮ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੋਕੇ ਮਰੀਜਾਂ ਸਮੇਤ ਸੰਸਥਾ ਦੇ ਪ੍ਰਧਾਨ ਬੋਬੀ ਲਹਿਰੀ, ਉਜਵਲ ਲਹਿਰੀ, ਸ਼ੰਮੀ ਬਖਤੂ, ਪ੍ਰਿੰਸ ਮਸੋਣ, ਲੀਲਾ ਭਾਗੀਵਾਂਦਰ, ਬੋਬੀ ਸਿੰਗਲਾ, ਰਿੰਕਾ ਮਿਸਤਰੀ, ਪਿੰਕਾ ਭਾਗੀਵਾਂਦਰ, ਵਿਵੇਕ ਬਾਂਸਲ, ਅਰੂਨ ਕਾਦੀ ਚੱਠਾ, ਚੂਚੀ ਮਹਾਸ਼ਾ, ਸਾਹਿਲ ਬਾਂਸਲ, ਵਿਕਾਸ ਜਿੰਦਲ, ਜੋਨੀ ਲਹਿਰੀ, ਲਲਿਤ ਬਖਤੂ ਸ਼ੇਰੂ ਹਾਜਰ ਸਨ।

# ਪਿੰਡ ਕੁਰੜਾ ਵਿੱਚ 54 ਲੱਖ ਦੀ ਲਾਗਤ ਨਾਲ ਹੈਲਥ ਐਂਡ ਵੈਲਨੈੱਸ ਕਲੀਨਿਕ ਸ਼ੁਰੂ

■ **ਸਿਹਤ ਮੰਤਰੀ ਨੇ ਕੀਤਾ ਕਲੀਨਿਕ ਦੀ ਆਲੀਸ਼ਾਨ ਇਮਾਰਤ ਦਾ ਉਦਘਾਟਨ**



**ਜੀਰਕਪੁਰ/ਰਵੀ ਜੀਰਕਪੁਰ**

ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਉਨ ਾਂ ਦੇ ਘਰਾਂ ਦੇ ਨੇੜੇ ਮੁਹੱਈਆ ਕਰਨ ਦੇ ਉਦੇਸ਼ ਨਾਲ ਅੱਜ ਮੋਹਾਲੀ ਹਲਕੇ ਦੇ ਪਿੰਡ ਕੁਰੜਾ ਵਿੱਚ ਹੈਲਥ ਐਂਡ ਵੈਲਨੈੱਸ ਕਲੀਨਿਕ ਸ਼ੁਰੂ ਕੀਤਾ ਗਿਆ। ਤਕਰੀਬਨ 54 ਲੱਖ ਰੁਪਏ ਦੀ ਲਾਗਤ ਨਾਲ ਬਣੇ ਇਸ ਕਲੀਨਿਕ ਦਾ ਉਦਘਾਟਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਕਿਰਤ ਮੰਤਰੀ ਸ। ਬਲਬੀਰ ਸਿੰਘ ਸਿੱਧੂ ਨੇ ਕੀਤਾ। ਇਸ ਮੌਕੇ ਹੋਏ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਹੈਲਥ ਐਂਡ ਵੈਲਨੈੱਸ ਕਲੀਨਿਕ ਸ਼ੁਰੂ ਕਰਨ ਵਿੱਚ ਪੰਜਾਬ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਹੈ, ਜਿਸ ਨੇ ਅਪਰੈਲ ਤੱਕ 1435 ਦੇ ਟੀਚੇ ਦੇ ਮੁਕਾਬਲੇ 2820 ਹੈਲਥ ਐਂਡ ਵੈਲਨੈੱਸ ਕਲੀਨਿਕ ਸ਼ੁਰੂ ਕੀਤੇ, ਜੋ ਟੀਚੇ ਤੋਂ 180 ਫੀਸਦੀ ਜ਼ਿਆਦਾ ਹੈ। ਉਨ ਾਂ ਦੱਸਿਆ ਕਿ ਕੋਵਿਡ ਪਾਬੰਦੀਆਂ ਦੇ ਬਾਵਜੂਦ ਇਨ ਾਂ ਸੈਂਟਰਾਂ ਵਿੱਚ ਪਿਛਲੇ ਸਾਲ ਦੌਰਾਨ 65,2 ਲੱਖ ਮਰੀਜ਼ਾਂ ਨੇ ਆਪਣਾ ਇਲਾਜ ਕਰਵਾਇਆ, ਜਿਸ ਤੋਂ ਇਨ ਾਂ ਕਲੀਨਿਕਾਂ ਦੀ ਕਾਰਜਕੁਸ਼ਲਤਾ ਦਾ ਪਤਾ ਚਲਦਾ ਹੈ। ਮੇਅਰ ਨਗਰ ਨਿਗਮ ਮੁਹਾਲੀ ਅਮਰਜੀਤ ਸਿੰਘ ਜੀਤੀ ਸਿੱਧੂ ਅਤੇ ਮਾਰਕੀਟ ਕਮੇਟੀ ਖਰੜ ਦੇ ਚੇਅਰਮੈਨ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ ਦੀ ਹਾਜ਼ਰੀ ਵਿੱਚ ਹੋਏ ਇਸ ਇਕੱਠ ਦੌਰਾਨ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਪਿੰਡ ਕੁਰੜਾ ਵਿੱਚ ਹਸਪਤਾਲ ਦੀ ਆਲੀਸ਼ਾਨ ਇਮਾਰਤ ਤਿਆਰ ਹੋਈ ਹੈ ਜਿਸ ਵਿੱਚ ਮੈਡੀਕਲ ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ ਾਂ ਕਿਹਾ ਕਿ ਇਸ ਹਸਪਤਾਲ ਦਾ ਪਿੰਡ ਕੁਰੜਾ ਦੇ ਨਾਲ-ਨਾਲ ਇਲਾਕੇ ਦੇ ਹੋਰ ਪਿੰਡਾਂ ਨੂੰ ਵੀ ਲਾਭ ਮਿਲੇਗਾ। ਉਨ ਾਂ ਦੱਸਿਆ ਕਿ ਇਸ ਕਲੀਨਿਕ ਵਿੱਚ ਮੈਡੀਕਲ ਅਫ਼ਸਰ ਆਪਣੀਆਂ ਸੇਵਾਵਾਂ ਦੇਵੇਗਾ ਅਤੇ ਲੋੜ ਪੈਣ ਉਤੇ ਹੋਰ ਬਿਮਾਰੀਆਂ ਦੇ ਮਾਹਰਾਂ ਨੂੰ ਵੀ ਤਾਇਨਾਤ ਕੀਤਾ ਜਾਵੇਗਾ ਤਾਂ ਕਿ ਲੋਕਾਂ ਨੂੰ ਨੇੜੇ ਹੀ ਸਿਹਤ ਸਹੂਲਤਾਂ ਮਿਲ ਸਕੇ ।ਇਸ ਮੌਕੇ ਉਨ ਾਂ ਪਿੰਡ ਕੁਰੜੀ ਦੀ ਮੁਸਲਿਮ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ ਅਤੇ ਧਰਮਸ਼ਾਲਾ ਲਈ 3 ਲੱਖ ਰੁਪਏ ਦੀ ਗਰਾਂਟ ਦਿੱਤੀ। ਇਸ ਤੋਂ ਇਲਾਵਾ ਐਸ ਸੀ ਸ਼ਮਸ਼ਾਨਘਾਟ ਲਈ 3 ਲੱਖ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ ਨਾਲੇ ਵਾਸਤੇ ਇਕ ਲੱਖ ਰੁਪਏ ਦੀ ਗਰਾਂਟ ਦਾ ਚੈੱਕ ਪੰਚਾਇਤ ਨੂੰ ਦਿੱਤਾ। ਆਪਣੇ ਦੌਰੇ ਦੌਰਾਨ ਸਿਹਤ ਮੰਤਰੀ ਸਿੱਧੂ ਨੇ ਪਿੰਡ ਸੇਖਨਮਾਜਰਾ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਪਾਈਪ ਲਾਈਨ ਵਾਸਤੇ 10 ਲੱਖ ਰੁਪਏ ਦੀ ਗਰਾਂਟ ਦਿੱਤੀ ਅਤੇ ਇਸ ਦਾ ਨੀਂਹ ਪੱਥਰ ਵੀ ਰੱਖਿਆ। ਉਨ ਾਂ ਪਿੰਡ ਦੀਆਂ ਗਲੀਆਂ-ਨਾਲੀਆਂ ਲਈ 3.50 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਵੀ ਸੌਂਪਿਆ। ਇਸ ਮੌਕੇ ਜ਼ਿਲ ਾ ਪ੍ਰੀਸ਼ਦ ਮੋਹਾਲੀ ਦੀ ਚੇਅਰਪਰਸਨ ਜਸਵਿੰਦਰ ਕੌਰ ਦੁਰਾਲੀ, ਵਾਈਸ ਚੇਅਰਮੈਨ ਲੇਬਰਫੈੱਡ ਪੰਜਾਬ ਠੇਕੇਦਾਰ ਮੋਹਨ ਸਿੰਘ ਬਠਲਾਣਾ, ਗੁਰਵਿੰਦਰ ਸਿੰਘ ਬੜੀ, ਮਨਜੀਤ ਸਿੰਘ ਤੰਗੌਰੀ, ਜਗਰੂਪ ਸਿੰਘ ਢੋਲ ਕੁਰੜੀ, ਗੁਰਜੰਟ ਸਿੰਘ ਸਾਬਕਾ ਸਰਪੰਚ ਕੁਰੜੀ, ਪ੍ਰਿਤਪਾਲ ਸਿੰਘ, ਗੁਰਮੀਤ ਸਿੰਘ ਨੰਬਰਦਾਰ, ਗੁਲਾਬ ਸਿੰਘ, ਗੁਰਤੇਜ ਸਿੰਘ ਤੇਜੀ, ਬੱਗਾ ਸਿੰਘ ਪਹਿਲਵਾਨ, ਗੁਰਦੇਵ ਸਿੰਘ ਢਿੱਲੋਂ, ਸਮਸ਼ੇਰ ਸਿੰਘ ਸਾਬਕਾ ਪੰਚ, ਬੂਟਾ ਸਿੰਘ, ਅਮਰੀਕ ਸਿੰਘ ਫੌਜੀ, ਮਿਸਤਰੀ ਬੰਤ ਸਿੰਘ, ਪੰਡਤ ਨਰਿੰਦਰ ਕਾਲਾ, ਸੁਖਵਿੰਦਰ ਸਿੰਘ ਬੱਲ ਾ, ਮੁਸਲਿਮ ਵੈਲਫੇਅਰ ਕਮੇਟੀ ਦੇ ਪ੍ਰਧਾਨ ਜਸਵੀਰ ਖਾਨ, ਜਨਰਲ ਸਕੱਤਰ ਐਚ.ਕੇ. ਭੁੱਟੋ, ਮੀਤ ਪ੍ਰਧਾਨ ਕਰਮਦੀਨ, ਖਜ਼ਾਨਚੀ ਅਜੈਬ ਦੀਨ ਤੇ ਸ਼ਾਮਦੀਨ, ਰਣਧੀਰ ਸਿੰਘ ਸਰਪੰਚ ਸੇਖਨਮਾਜਰਾ ਅਤੇ ਸੰਦੀਪ ਸਿੰਘ ਪਾਲੀ ਸੇਖਣਮਾਜਰਾ ਹਾਜ਼ਰ ਸਨ।

# ਰੇਲਵੇ ਸਟੇਸ਼ਨ ਗੁਰਦਾਸਪੁਰ ਦੇ ਪੱਕੇ ਕਿਸਾਨ ਮੋਰਚੇ ਉੱਪਰ ਅੱਜ 263ਵੇਂ ਜਥੇ ਨੇ ਰੱਖੀ ਭੁੱਖ ਹੜਤਾਲ




**ਗੁਰਦਾਸਪੁਰ-ਨਵਨੀਤ ਕੁਮਾਰ**

ਗੁਰਦਾਸਪੁਰ ਦੇ ਰੇਲਵੇ ਸਟੇਸ਼ਨ ਉੱਪਰ ਚੱਲ ਰਹੇ ਪੱਕੇ ਕਿਸਾਨ ਮੋਰਚੇ ਦੇ 346ਵੇਂ ਦਿਨ ਅੱਜ 263ਵੇਂ ਜਥੇ ਨੇ ਭੁੱਖ ਹੜਤਾਲ ਰੱਖੀ। ਜਿਸ ਵਿੱਚ ਮਲਕੀਤ ਸਿੰਘ ਚਾਹਲ ਮਲਕੀਤ ਸਿੰਘ ਬੁਢਾਕੋਟ ਕੁਲਵੰਤ ਸਿੰਘ ਲੰਗਾਹ ਆਦਿ ਨੇ ਇਸ ਵਿੱਚ ਹਿੱਸਾ ਲਿਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਐੱਸ ਪੀ ਸਿੰਘ ਗੋਸਲ ਗੁਰਦੀਪ ਸਿੰਘ ਮੁਸਤਫ਼ਾਬਾਦ ਰਘਬੀਰ ਸਿੰਘ ਚਾਹਲ ਨਿਰਮਲ ਸਿੰਘ ਬਾਠ ਸੁਖਦੇਵ ਸਿੰਘ ਗੋਸਲ ਮਲਕੀਅਤ ਸਿੰਘ ਬੁੱਢਾ ਕੋਟ ਕੁਲਜੀਤ ਸਿੰਘ ਸਿੱਧਵਾਜਮੀਤਾਂ ,ਨੰਬਰਦਾਰ ਕਰਨੈਲ ਸਿੰਘ ਭੁਲੇਚੱਕ ,ਕੁਲਬੀਰ ਸਿੰਘ ਗੁਰਾਇਆ ,ਗੁਰਮੀਤ ਸਿੰਘ ਥਾਣੇਵਾਲ, ਪਲਵਿੰਦਰ ਸਿੰਘ, ਨਰਿੰਦਰ ਸਿੰਘ ਕਾਹਲੋਂ ,ਆਦਿ ਬੁਲਾਰਿਆਂ ਨੇ ਦੱਸਿਆ ਕਿ ਕਰਨਾਲ ਦੇ ਮੋਰਚੇ ਨੂੰ ਫਤਿਹ ਕਰ ਕੇ ਕਿਸਾਨਾਂ ਨੇ ਇਕ ਨਵੀਂ ਉਦਾਹਰਨ ਪੇਸ਼ ਕੀਤੀ ਹੈ ।ਇਸ ਨਾਲ ਕਿਸਾਨੀ ਸੰਘਰਸ਼ ਨੂੰ ਹੋਰ ਬਲ ਮਿਲਿਆ ਹੈ ਅਤੇ ਕਿਸਾਨਾਂ ਦੇ ਹੌਸਲੇ ਬਹੁਤ ਬੁਲੰਦ ਹੋਏ ਹਨ ।ਆਪਣੇ ਹੱਕਾਂ ਲਈ ਜੂਝ ਰਹੇ ਲੋਕਾਂ ਨੂੰ ਬਲ ਮਿਲਿਆ ਹੈ ਅਤੇ ਕਿਸਾਨੀ ਸੰਘਰਸ਼ ਦੀ ਜਿੱਤ ਹੋਰ ਯਕੀਨੀ ਹੋਈ ਹੈ ।ਆਗੂਆਂ ਆਖਿਆ ਕਿ ਇਸ ਵਕਤ ਚੱਲ ਰਿਹਾ ਕਿਸਾਨੀ ਸੰਘਰਸ਼ ਕਿਸਾਨਾਂ ਦਾ ਨਾ ਰਹਿ ਕੇ ਹਿੰਦੋਸਤਾਨ ਦੇ ਲੋਕਾਂ ਦਾ ਯੁੱਧ ਬਣ ਚੁੱਕਾ ਹੈ ਅਤੇ ਇਸ ਨੂੰ ਸਿਰਫ਼ ਭਾਰਤ ਵਿੱਚ ਹੀ ਨਹੀਂ ਸਾਰੇ ਸੰਸਾਰ ਵਿੱਚ ਸਮੂਹ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ ।ਕਰਨਾਲ ਦੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਂਝੇ ਯੁੱਧ ਲੜਨ ਨਾਲ ਕੋਈ ਵੀ ਲੜਾਈ ਜਿੱਤੀ ਜਾ ਸਕਦੀ ਹੈ ।ਹੰਕਾਰੇ ਹੋਏ ਹਾਕਮ ਮਨੋਹਰ ਲਾਲ ਖੱਟੜ ਨੂੰ ਹਰਾ ਕੇ ਇਸ ਇਤਹਾਸਕ ਘੋਲ ਨੂੰ ਇਕ ਨਵੀਂ ਦਿਸ਼ਾ ਮਿਲੀ ਹੈ। ਇਸ ਵਕਤ ਦੇਸ਼ ਦੇ ਸਾਰੇ ਕਿਸਾਨ ਮਜਦੂਰ ਮੁਲਾਜਮ ਬੁੱਧੀਜੀਵੀ ਲੇਖਕ ਤੇ ਹੋਰ ਹਰ ਵਰਗ ਦੇ ਲੋਕ ਕਿਸਾਨਾਂ ਦੀ ਜਿੱਤ ਨੂੰ ਯਕੀਨੀ ਮੰਨ ਰਹੇ ਹਨ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਪੂ ਮਹਿੰਦਰ ਸਿੰਘ ਲੱਖਣ ਖੁਰਦ, ਦਵਿੰਦਰ ਸਿੰਘ ਖਹਿਰਾ, ਤਰਸੇਮ ਸਿੰਘ ਹਯਾਤਨਗਰ, ਹਰਭਜਨ ਸਿੰਘ ਗੁਰਦਾਸਪੁਰ, ਬਲਵੰਤ ਸਿੰਘ ਗੁਰਦਾਸਪੁਰ ,ਹੀਰਾ ਸਿੰਘ ਸੈਣੀ , ਸੰਤ ਬੁਢਾ ਸਿੰਘ , ਬਾਵਾ ਦਿੱਤਾ , ਆਦਿ ਵੀ ਹਾਜ਼ਰ ਸਨ ।

# ਮਿਲੇਨੀਅਮ ਸਕੂਲ ਵਿਖੇ ਕਰਵਾਇਆ ਮੈਥ ਕਵਿੱਜ




**ਸੁਨਾਮ/ਵਰਮਾ**

ਦਾ ਮਿਲੇਨੀਅਮ ਸਕੂਲ ਸੁਨਾਮ ਵਿਖੇ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸੇ ਲੜੀ ਅਧੀਨ ਇਸ ਵਾਰੀ ਛੇਵੀਂ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦਾ ਮੈਥ ਕੁਇਜ਼ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਦੀ ਚੋਣ ਕਰਨ ਲਈ ਟੈਸਟ ਰੱਖਿਆ ਗਿਆ। ਟਰੱਸਟ ਦੇ ਨਤੀਜਿਆਂ ਦੇ ਆਧਾਰ ਤੇ ਤਿੰਨ ਭਾਗਾਂ ਵਿੱਚ ਬੱਚਿਆਂ ਦੀ ਚੋਣ ਕੀਤੀ ਗਈ। ਜਿਵੇਂ ਗਰੁੱਪ ਇੱਕ ਵਿੱਚ ਛੇਵੀਂ ਕਲਾਸ ਦੇ ਵਿਦਿਆਰਥੀ, ਗਰੁੱਪ ਦੋ ਵਿੱਚ ਸੱਤਵੀਂ ਅਤੇ ਅੱਠਵੀਂ ਕਲਾਸ ਦੇ ਵਿਦਿਆਰਥੀ ਅਤੇ ਗਰੁੱਪ ਤਿੰਨ ਵਿੱਚ ਨੌਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀ ਚੁਣੇ ਗਏ। ਮੈਥ ਕਵਿੱਜ਼ ਚਾਰ ਵੱਖ-ਵੱਖ ਭਾਗਾਂ ਵਿੱਚ ਹੋਇਆ। ਜਿਵੇਂ ਚਿੱਤਰ ਪਹਿਚਾਨਣਾ, ਮੈਂਟਲ ਮੈਥ ਆਦਿ। ਇਸੇ ਤਰ੍ਹਾਂ ਗਣਿਤ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ ਗਏ।

ਰੋਜ਼ਾਨਾ ਲੋਕ ਬਾਣੀ

ਵਿਦਿਆਰਥੀਆਂ ਨੇ ਬਡੇ ਉਤਸ਼ਾਹ ਅਤੇ ਆਤਮ ਵਿਸ਼ਵਾਸ ਨਾਲ ਪ੍ਰਸ਼ਨਾਂ ਦੇ ਉੱਤਰ ਦਿੱਤੇ। ਇਹ ਸਾਰਾ ਕੰਮ ਸਕੂਲ ਦੇ ਗਤੀਵਿਧੀਆਂ ਦੇ ਇੰਚਾਰਜ ਬਲਵਿੰਦਰ ਸਿੰਘ ਦੀ ਦੇਖ-ਰੇਖ ਵਿੱਚ ਪੂਰਾ ਹੋਇਆ। ਸਕੂਲ ਦੇ ਐਜੂਕੇਸ਼ਨ ਡਾਈਰੈਕਟਰ ਸ਼੍ਰੀਮਤੀ ਰਿੱਤੂ ਪਾਠਕ ਨੇ ਬੱਚਿਆਂ ਵੱਲੋਂ ਕੀਤੀ ਗਈ ਮਿਹਨਤ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਬੰਧਕ ਮੰਗਤ ਰਾਏ ਕਾਂਸਲ ਵੀ ਬੱਚਿਆਂ ਨੂੰ ਅਸ਼ੀਰਵਾਦ ਦੇਣ ਲਈ ਹਾਜਰ ਸਨ।



# ਕੈਪਟਨ ਸਰਕਾਰ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਤੇ ਕਾਬਜ਼ ਹੋਈ ਬੈਠੀ ਹੈ : ਹਰਭਗਵਾਨ ਮੂਨਕ

**ਸੁਨਾਮ/ਗੁਰਵਿੰਦਰ ਗੰਢੂਆਂ**

ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਬਣੇ ਮੋਰਚੇ ਦੀ ਕੜੀ ਤਹਿਤ ਤੇਰਾਂ ਸਤੰਬਰ ਨੂੰ ਮੋਤੀ ਮਹਿਲ ਦੇ ਘਿਰਾਓ ਦੀ ਤਿਆਰੀ ਨੂੰ ਲੈ ਕੇ ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਹਰਭਗਵਾਨ ਮੂਨਕ ਨੇ ਵੱਖੋ ਵੱਖ ਪਿੰਡਾਂ ਲੱਡੀ, ਘਾਬਦਾਂ ,ਨਾਗਰੀ, ਕਾਲੇ ਝਾੜ ,ਆਲੋਅਰਕ ,ਛਾਹੜ, ਚੱਠੇ ਨਨਹੇੜੇ , ਦੇ ਖੇਤ ਮਜਦੂਰ ਮਰਦ ਔਰਤਾਂ ਨੂੰ ਲਾਮਬੰਦ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਨੇ ਲੋਕਾਂ ਨਾਲ ਝੂਠੇ ਵਾਅਦਿਆਂ ਦੇ ਜ਼ੋਰ ਸੱਤਾ ਤੇ ਕਾਬਜ਼ ਹੋਈ ਬੈਠੀ ਹੈ ਵੋਟਾਂ ਤੋਂ ਪਹਿਲਾਂ ਕੀਤੇ ਵਾਅਦੇ ਸਰਕਾਰ ਭੁੱਲ ਚੁੱਕੀ ਹੈ ਜੋ ਸਰਕਾਰ ਨੇ ਪਿਛਲੇ ਦਿਨੀਂ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨਾਲ ਮਜ਼ਦੂਰ ਆਗੂਆਂ ਦੀ ਮੀਟਿੰਗ ਕਰਵਾ ਕੇ ਕੁਝ ਮੰਗਾਂ ਮੰਨੀਆਂ

ਰੋਜ਼ਾਨਾ ਲੋਕ ਬਾਣੀ

ਸੀ ਜੱਮਿ ਪੁੱਟੇ ਗਏ ਮੀਟਰ ਦੁਬਾਰਾ ਲਾਉਣ ਕੱਟੇ ਗਏ ਰਾਸ਼ਨ ਕਾਰਡ ਬਹਾਲ ਕਰਨ ਅਲਾਟ ਹੋਏ ਪਲਾਟਾਂ ਦੇ ਕਬਜ਼ੇ ਮਜ਼ਦੂਰਾਂ ਨੂੰ ਦਬਾਉਣ ਪੋਰਟਲ ਖੋਲ੍ਹਣ ਆਦਿ ਦਾ ਫੈਸਲਾ ਪੰਜਾਬ ਸਰਕਾਰ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ ।ਇਸੇ ਤਰ੍ਹਾਂ ਜੋ ਮੰਗਾਂ ਅਜੇ ਤੱਕ ਸਰਕਾਰ ਮੰਨਣ ਲਈ ਤਿਆਰ ਨਹੀਂ ਜਿਵੇਂ ਮਜਦੂਰਾਂ ਕਿਸਾਨਾਂ ਸਿਰ ਚੜ੍ਹੇ ਸਰਕਾਰੀ ਗੈਰ ਸਰਕਾਰੀ ਮੈਕਰੋ ਫੈਨਸ ਕੰਪਨੀਆਂ ਦੇ ਕਰਜੇ ਮੁਆਫ, ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ ਪੱਕਾ ਰੁਜਗਾਰ , ਮਨਰੇਗਾ ਵਿੱਚ ਸਾਰਾ ਸਾਲ ਪਰਿਵਾਰ ਦੇ ਯੋਗ ਮੈਂਬਰਾਂ ਨੂੰ ਕੰਮ ,ਦਿਹਾੜੀ ਛੇ ਸੌ ਰੁਪਏ ਕਰਾਉਣ , ਬੁਡੇਪਾ ਵਿਧਵਾ ਪੈਨਸ਼ਨ ਪੰਜ ਹਜਾਰ ਰੁਪਏ ਕਰਾਉਣ, ਦਸ ਦਸ ਮਰਲੇ ਦੇ ਪਲਾਟ ਲੈਣ ,ਪੰਜ ਲੱਖ ਰੁਪਏ ਮਕਾਨ ਲਈ ਗਰਾਂਟ ਲੈਣ, ਰਸੋਈ ਵਿਚ ਲੱਗਣ ਵਾਲੀਆਂ ਸੋਲਾਂ ਵਸਤਾਂ ਸਸਤੇ ਰੇਟ ਤੇ ਲੈਣ, ਸਰਵ ਜਨਤਕ ਵੰਡ ਪ੍ਰਣਾਲੀ ਲਾਗੂ ਕਰਵਾਉਣ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ ਤੇ ਦੇਣ ਦੀ ਗਰੰਟੀ ਕਰਨ ।ਆਦਿ ਭੱਖਦੀਆਂ ਮੰਗਾਂ ਨੂੰ ਲੈ ਕੇ ਤੇਰਾਂ ਸਤੰਬਰ ਨੂੰ ਸਾਂਝੇ ਮਜ਼ਦੂਰ ਮੋਰਚੇ ਵੱਲੋਂ ਮੁੱਖ ਮੰਤਰੀ ਦੇ ਮੋਤੀ ਮਾਹਿਲ ਦੇ ਕੀਤੇ ਜਾ ਰਹੇ ਘਿਰਾਓ ਦੇ ਸੱਦੇ ਨੂੰ ਸਫ਼ਲ ਬਣਾਉਣ ਲਈ ਪਰਿਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਦਿੱਤਾ ਇਸ ਮੌਕੇ ਪਿੰਡ ਕਾਲੇ ਝਾੜ ਵਿਖੇ ਮਜ਼ਦੂਰਾ ਦੀ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਗੁਰਦੀਪ ਸਿੰਘ ਪੁੱਤਰ ਸਾਧੂ ਸਿੰਘ ਨੂੰ ਪ੍ਰਧਾਨ ,ਹਾਕਮ ਸਿੰਘ ਪੁੱਤਰ ਮੇਹਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ,ਗੁਰਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਨੂੰ ਮੀਤ ਪ੍ਰਧਾਨ, ਅਮਰਜੀਤ ਸਿੰਘ ਪੁੱਤਰ ਬਚਨ ਸਿੰਘ ਨੂੰ ਜਨਰਲ ਸਕੱਤਰ, ਗੁਰਮੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਨੂੰ ਖਜਾਨਚੀ, ਅਤੇ ਜਗਮੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ। ਬਾਕੀ ਦੇ ਪੰਜ ਜਣਿਆਂ ਨੂੰ ਕਮੇਟੀ ਮੈਂਬਰ ਚੁਣਿਆ ਗਿਆ ।ਇਸੇ ਤਰ੍ਹਾਂ ਪਿੰਡ ਆਲੋਅਰਖ ਵਿੱਚ ਵੀ ਚੋਣ ਕੀਤੀ ਗਈ ਇਸ ਮੌਕੇ ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਆਗੂ ਹਰਜਿੰਦਰ ਸਿੰਘ ਘਰਾਚੋਂ ਪੰਜਾਬ ਦੇ ਆਗੂ ਜਗਤਾਰ ਸਿੰਘ ਕਾਲਾਝਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਖੇਤ ਮਜ਼ਦੂਰਾਂ ਦੇ ਇਸ ਘੋਲ ਦੀ ਡਟਵੀਂ ਹਮਾਇਤ ਕਰੇਗੀ ਅਤੇ ਪਿੰਡਾਂ ਚੋਂ ਮਜ਼ਦੂਰਾਂ ਨੂੰ ਲਾਮਬੰਦ ਕਰ ਕੇ ਮੋਤੀ ਮਹਿਲ ਦੇ ਘਿਰਾਓ ਚ ਸ਼ਾਮਲ ਕਰਵਾਉਣ ਲਈ ਪੂਰਾ ਤਾਣ ਲਾਵੇਗੀ।

# ਨੈਸ਼ਨਲ ਲੋਕ ਅਦਾਲਤ ਵਿੱਚ 1114 ਕੇਸ ਲੱਗੇ- 675 ਕੇਸਾਂ ਦਾ ਦੋਹਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾਂ

**ਗੁਰਦਾਸਪੁਰ-ਨਵਨੀਤ ਕੁਮਾਰ**



ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਮਿਸਟਰ ਜਸਟਿਸ ਅਜੇ ਤਿਵਾਰੀ ਜਸਟਿਸ , ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀਮਤੀ ਰਮੇਸ਼ ਕੁਮਾਰੀ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ- ਚੇਅਰਪਰਸਨ , ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਦੇਖ ਰੇਖ ਹੇਠ ਅਤ ਮੈਡਮ ਨਵਦੀਪ ਕੋਰ ਗਿੱਲ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਂਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ ਜਿਸ ਦੀ ਰਹਿਨੁਮਾਈ ਸ੍ਰੀਮਤੀ ਰਮੇਸ਼ ਕੁਮਾਰੀ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸ਼ਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਕੀਤੀ ਗਈ । ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲੇ ਦੇ ਨਿਆਂਇਕ ਅਧਿਕਾਰੀਆਂ ਦੇ ਕੁੱਲ 12 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ । ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ ਕੁੱਲ 1114 ਕੇਸ , ਜੋ ਕਿ ਕੋਰਟਾਂ ਵਿੱਚ ਲੰਬਿਤ ਹਨ, ਸੁਣਵਾਈ ਲਈ ਰੱਖੇ ਗਏ ਜਿਨ੍ਹਾਂ ਵਿੱਚੋਂ ਕੁੱਲ 675 ਕੇਸ਼ਾਂ ਦਾ ਨਿਪਟਾਰਾਂ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ , ਇਸ ਤੋਂ ਇਲਾਵਾ 24 ਕੇਸਾਂ ਦਾ ਨਿਪਟਾਰਾਂ ਵੀ ਕੀਤਾ ਗਿਆ । ਇਸ ਤਰ੍ਹਾਂ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 699 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਕੁੱਲ 119075341।2/- ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ ।

ਰੋਜ਼ਾਨਾ ਲੋਕ ਬਾਣੀ

ਇਸ ਮੌਕੇ ਮਾਨਯੋਗ ਸ੍ਰੀਮਤੀ ਰਮੇਸ਼ ਕੁਮਾਰੀ , ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸ਼ਨ , ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾਂ ਕਰਨਾ ਹੈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111